ਕੈਨੇਡਾ
# ਪੰਜਾਬ ਲਿੰਕ
WEEKLY NEWSPAPER VOL. : 11 ISSUE : 46 SATURDAY, 11 NOVEMBER, 2023
www.punjablinkpaper.com 604-503-5465

MORTGAGE EXPERT
ਮੋਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
- Residential Mortgage
- Construction Mortgage
- Commercial Loan
- Private Loan
SATNAM SAROYA
MORTGAGE SPECIALIST
HOMEKEY MORTGAGES INC.
604.760.9172
# 384-8148 128 St., Surrey
6303 Fraser St., Vancouver

Super Visa Insurance
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ।
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- RESP,RRSP's
- ਮੋਰਟਗੇਜ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ
ਜਸਵੀਰ ਗਰੇਵਾਲ
778.317.6262
jasvirgrewal0596@gmail.com




## ਇਜ਼ਰਾਈਲ-ਹਮਾਸ ਜੰਗ ਦਰਮਿਆਨ ਕੈਨੇਡਾ ਵਿਚ ਵਧ ਰਹੀ ਨਫਰਤ ਅਸਵੀਕਾਰਯੋਗ-ਟਰੂਡੋ

ਓਟਵਾ-ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਇਜ਼ਰਾਈਲ-ਹਮਾਸ ਜੰਗ ਦਰਮਿਆਨ ਕੈਨੇਡਾ ਵਿਚ ਵਧ ਰਹੀ ਨਫਰਤ ਨੂੰ ਅਸਵੀਕਾਰਯੋਗ ਆਖਦਿਆਂ ਕੈਨੇਡੀਅਨਾਂ ਨੂੰ ਇਹ ਯਾਦ ਰੱਖਣ ਲਈ ਕਿਹਾ ਕਿ ਇਹ ਗੱਲ ਨਹੀਂ ਹੋਣੀ ਚਾਹੀਦੀ ਕਿ ਅਸੀਂ ਕੌਣ ਹਾਂ ਅਤੇ ਉਨ੍ਹਾਂ ਨੇ ਇਜ਼ਰਾਈਲ-ਫਲਸਤੀਨ ਦੇ ਹੱਲ ਵੱਲ ਵਧਣ ਲਈ ਮਾਨਵੀ ਉਦੇਸ਼ਾਂ ਲਈ ਦੁਸ਼ਮਣੀ ਨੂੰ ਆਰਜ਼ੀ ਤੌਰ 'ਤੇ ਰੋਕਣ 'ਤੇ ਜ਼ੋਰ ਦਿੱਤਾ ਹੈ। ਲਿਬਰਲ ਕੌਕਸ ਮੀਟਿੰਗ ਲਈ ਜਾਂਦੇ ਸਮੇਂ ਟਰੂਡੋ ਨੇ ਕਿਹਾ ਕਿ ਅਸੀਂ ਇਸ ਸਮੇਂ ਯਹੂਦੀਆਂ ਦਾ ਵਿਰੋਧ ਵਧਦਾ ਦੇਖ ਰਹੇ ਜੋ ਕਿ ਭਿਆਨਕ ਗੱਲ ਹੈ। ਯਹੂਦੀਆਂ ਦੀਆਂ ਪ੍ਰਾਰਥਨਾਵਾਂ 'ਤੇ ਮੋਲੋਟੋਵ ਕਾਕਟੇਲ ਸੁੱਟਣਾ ਹਿੰਸਾ ਦੀਆਂ ਭਿਆਨਕ ਧਮਕੀਆਂ ਹਨ। ਯਹੂਦੀਆਂ ਦੇ ਕਾਰੋਬਾਰਾਂ ਅਤੇ ਯਹੂਦੀ ਡੇਅਕੇਅਰਾਂ ਨੂੰ ਨਫਰਤ ਨਾਲ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਇਸ ਨੂੰ ਰੋਕਣ ਦੀ ਲੋੜ ਹੈ। ਕੈਨੇਡਾ ਵਿਚ ਇਸ ਨੂੰ ਸਵੀਕਾਰ ਨਹੀਂ ਕੀਤਾ ਜਾ ਸਕਦਾ। ਇਸ ਦੇਸ਼ ਵਿਚ ਅਤੇ ਵਿਸ਼ਵ ਭਰ ਵਿਚ ਅਸੀਂ ਇਸਲਾਮਫੋਬੀਆ ਵਧਦਾ ਦੇਖ ਰਹੇ ਹਾਂ ਜੋ ਕਿ ਅਸਵੀਕਾਰਯੋਗ ਹੈ। ਮੁਸਲਮਾਨਾਂ, ਫਲਸਤੀਨੀਆਂ ਖਿਲਾਫ ਨਫਰਤ ਦਾ ਪ੍ਰਗਟਾਵਾ ਅਤੇ ਕਿਸੇ ਖਿਲਾਫ ਫਲਸਤੀਨੀ ਝੰਡਾ ਲਹਿਰਾਉਣਾ ਅਸਵੀਕਾਰਯੋਗ ਹੈ। 7 ਅਕਤੂਬਰ ਨੂੰ ਜੰਗ ਉਸ ਸਮੇਂ ਸ਼ੁਰੂ ਹੋਈ ਜਦੋਂ ਕੈਨੇਡਾ ਵਲੋਂ ਮਨੋਨੀਤ ਅੱਤਵਾਦੀ ਸੰਗਠਨ ਹਮਾਸ ਨੇ ਇਜ਼ਰਾਈਲ ਵਿਚ ਭਿਆਨਕ ਹਮਲਾ ਕਰਕੇ 1400 ਵਿਅਕਤੀਆਂ ਨੂੰ ਮਾਰ ਦਿੱਤਾ ਅਤੇ 200 ਤੋਂ ਵੀ ਵੱਧ ਨੂੰ ਬੰਧਕ ਬਣਾ ਲਿਆ। ਇਜ਼ਰਾਈਲ ਨੇ ਜਵਾਬੀ ਕਾਰਵਾਈ ਕੀਤੀ ਅਤੇ ਉਸ ਦਿਨ ਤੋਂ ਇਜ਼ਰਾਈਲ ਨੇ ਹਮਾਸ ਨੂੰ ਖਤਮ ਕਰਨ ਦੀ ਕੋਸ਼ਿਸ਼ ਵਿਚ ਗਜ਼ਾ ਵਿਚ ਹਮਲਿਆਂ ਨੂੰ ਤੇਜ਼ ਕੀਤਾ ਹੋਇਆ ਹੈ ਜਿਸ ਵਿਚ 10000 ਤੋਂ ਵੀ ਵੱਧ ਲੋਕ ਮਾਰੇ ਗਏ ਹਨ ਅਤੇ ਲੱਖਾਂ ਹੋਰ ਬੇਘਰ ਹੋ ਗਏ ਹਨ। ਟਰੂਡੋ ਨੇ ਕਿਹਾ ਕਿ ਕੈਨੇਡੀਅਨ ਹੁਣ ਆਪਣੀਆਂ ਹੀ ਗਲੀਆਂ ਵਿਚ ਡਰੇ ਹੋਏ ਹਨ। ਸਾਨੂੰ ਇਹ ਯਕੀਨੀ ਬਣਾਉਣ ਦੀ ਲੋੜ ਹੈ ਕਿ ਕੈਨੇਡੀਅਨ ਉਹੀ ਕਰਨ ਜੋ ਅਸੀਂ ਬਿਹਤਰ ਕਰ ਸਕਦੇ ਹਾਂ ਜਿਸ ਵਿਚ ਆਪਣੇ ਗੁਆਂਢੀ ਦੀ ਗੱਲ ਨੂੰ ਸੁਣਨਾ, ਆਪਣੇ ਗੁਆਂਢੀ ਦੇ ਦਰਦ ਨੂੰ ਸਮਝਣਾ ਤੇ ਸਵੀਕਾਰ ਕਰਨਾ ਸ਼ਾਮਿਲ ਹੈ। ਦੇਸ਼ ਭਰ ਵਿਚ ਲੋਕ ਦੁਖੀ ਹਨ ਅਤੇ ਵਿਸ਼ਵ ਦੇ ਦੂਸਰੇ ਹਿੱਸਿਆਂ ਵਿਚ ਰਹਿੰਦੇ ਆਪਣੇ ਅਜ਼ੀਜ਼ਾਂ ਲਈ ਡਰੇ ਹੋਏ ਹਨ ਅਤੇ ਇਸ ਦੇ ਛੇਤੀ ਠੀਕ ਹੋਣ ਦਾ ਕੋਈ ਸੰਕੇਤ ਨਹੀਂ।



## ਪ੍ਰਧਾਨ ਮੰਤਰੀ ਟਰੂਡੋ ਵਲੋਂ ਦੀਵਾਲੀ ਤੇ ਬੰਦੀ ਛੋੜ ਦਿਵਸ ਦੀਆਂ ਵਧਾਈਆਂ !

ਓਟਾਵਾ-ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਓਟਾਵਾ ਵਿੱਚ ਪਾਰਲੀਮੈਂਟ ਹਿੱਲ 'ਤੇ ਰੋਸ਼ਨੀ ਦੇ ਤਿਉਹਾਰ ਦਾ ਜਸ਼ਨ ਮਨਾਉਣ ਲਈ ਦੀਵਾਲੀ ਸਮਾਗਮ ਵਿੱਚ ਸ਼ਿਰਕਤ ਕੀਤੀ। ਆਪਣੇ ਅਧਿਕਾਰਤ ਇੰਸਟਾਗ੍ਰਾਮ ਹੈਂਡਲ 'ਤੇ ਸਮਾਗਮ ਦੀ ਝਲਕ ਨੂੰ ਸਾਂਝਾ ਕਰਦੇ ਹੋਏ ਟਰੂਡੋ ਨੇ ਲਿਖਿਆ,'ਬੱਸ ਕੁਝ ਹੀ ਦਿਨਾਂ ਵਿੱਚ ਦੇਸ਼ ਅਤੇ ਦੁਨੀਆ ਭਰ ਦੇ ਲੋਕ ਦੀਵਾਲੀ ਅਤੇ ਬੰਦੀ ਛੋੜ ਦਿਵਸ ਮਨਾਉਣਗੇ। ਦੋਵੇਂ ਜਸ਼ਨ ਹਨੇਰੇ ਉੱਤੇ ਰੌਸ਼ਨੀ ਦੀ ਜਿੱਤ ਅਤੇ ਆਸ਼ਾਵਾਦ ਬਾਰੇ ਹਨ। ਪਾਰਲੀਮੈਂਟ ਹਿੱਲ 'ਤੇ ਸਮਾਗਮ ਲਈ ਇਕੱਠੇ ਹੋਏ ਸਾਰਿਆਂ ਨੂੰ ਦੀਵਾਲੀ ਤੇ ਬੰਦੀ ਛੋੜ ਦਿਵਸ ਦੀਆਂ ਮੁਬਾਰਕਾਂ! ਮੈਂ ਉਮੀਦ ਕਰਦਾ ਹਾਂ ਕਿ ਇਸ ਹਫਤੇ ਦੇ ਜਸ਼ਨ ਤੁਹਾਡੇ ਲਈ ਆਉਣ ਵਾਲੇ ਸਾਲ ਲਈ ਆਸ਼ਾਵਾਦੀ ਹੋਣਗੇ।

For All Kind of Real Estate Needs
ਕਾਬਲੀਅਤ, ਤਜ਼ਰਬਾ ਅਤੇ ਸਮਜਦਾਰੀ... ਘਰ ਖਰੀਦਣ ਅਤੇ ਵੇਚਣ ਲਈ ਕਾਲ ਕਰੋ।
MANPREET DIDDEN
PERSONAL REAL ESTATE CORPORATION
Sutton WestCoast Realty
604-773-7870
Top 10% Realtor Of Fraser Valley Board
info@manpreetdidden.com
www.manpreetdidden.com

ਕੀ ਤੁਸੀਂ ਕਰਜ਼ੇ ਵਿਚ ਹੋ?
20 ਵਰਿਆਂ ਤੋਂ ਵੱਧ ਦਾ ਤਜਰਬਾ
ਮੁਫਤ ਸਲਾਹ
ਸ਼ਾਮ ਅਤੇ ਵੀਕਐਂਡ ਤੇ ਵੀ ਅਪੋਇੰਟਮੈਂਟ
ARVINDER S. KALSEY AVINEET S. KALSEY
- ਕੀ ਤੁਹਾਡਾ ਵਾਲ-ਵਾਲ ਕਰਜ਼ੇ ਵਿਚ ਡੁਬਿਆ ਹੋਇਆ ਹੈ?
- ਅਸੀ ਤੁਹਾਡਾ ਅੱਧੇ ਤੋਂ ਜਿਆਦਾ ਕਰਜ਼ਾ ਮੁਆਫ ਕਰਵਾ ਸਕਦੇ ਹਾਂ।
Business Solutions
& Credit counselling services
#205 - 12033 - 92A Ave, Surrey
#1A - 2497 Clearbrook Rd. Abbotsford
604-951-8984
www.bscc.ca

BALLOWAL MONEY EXCHANGE
6418-Claytonwood Gate, Surrey
ਇੰਡੀਆ ਨੂੰ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਫੋਨ ਕਰੋ:
5 Hour Service Available
Sher Singh Grewal
604-749-1955

A- CLASS FOREIGN EXCHANGE INC.
ਤੁਸੀਂ ਇੰਡੀਆਂ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆਂ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਟਰਾਂਸਵਰਲਡ ਟਰੈਵਲ 'ਚ ਮਿਲੋ
604-825-2222
(Inside Transworld Travel)
#119-12888 - 80th Ave., Surrey PH: 604-598-2222
32088 Cedar Lane, Abbotsford PH: 604-615-2222

Keep Smiling Denture Clinic
- Complete Denture
- Implant Denture
- Partial Denture
Care Home Mobile Service | ਮੁਫਤ ਸਲਾਹ ਲਈ ਅੱਜ ਹੀ ਮਿਲੋ
ਤਾਂ ਸਾਨੂੰ Suction Denture ਬਾਰੇ ਜਾਣਨ ਲਈ ਮਿਲੋ
ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ।
SEMCD
Gagan Chahal R.D.
Registered Denturist
778-600-0811 13117-67A Ave, Surrey, BC
778-600-0810 2644 Cyril St Abbotsford BC

MORTGAGE SPECIALIST!
Residential Construction, Commercial and Private Mortgages
- Pre - Approval available in 24 Hours
- rate hold - 120 days
- Bad credit also welcome
AMANDEEP DUGGAL
MORTGAGE BROKER
A Better Way
604-368-2030
604-227-9694
# 102-6321 King George Blvd, Surrey

TRANSource FREIGHTWAYS
ਕੰਮ ਲਈ Drivers and Owner Operators ਚਾਹੀਦੇ ਹਨ।
ਬੀ ਸੀ ਤੋਂ ਅਲਬਰਟਾ ਅਤੇ ਅਲਬਰਟਾ ਤੋਂ ਬੀ ਸੀ
BC - ALBERTA ALBERTA - BC
Fuel and Insurance Paid by Company
NO DEDUCTIONS!!
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
SUKHBIR SINGH:604-525-0527 Ext 112
ਸ਼ਨੀਵਾਰ: 604-808-9805
Email:safety@transourcefreightways.com

mortgages lab
ਕਿਸੇ ਵੀ ਤਰ੍ਹਾਂ ਦੀ ਮੋਰਗੇਜ ਲੈਣ ਲਈ ਸੰਪਰਕ ਕਰੋ
- ਪਹਿਲੀ ਵਾਰ ਘਰ ਖਰੀਦੋ ਦੇ 5% down purchase ਨਾਲ
- ਖਰੀਦਣਾ, ਰਿਫਾਇਨਾਂਸ ਅਤੇ ਸਵਿੱਚ
- ਰੈਜ਼ੀਡੈਂਸ਼ਿਅਲ, ਕਮਰਸ਼ਿਅਲ ਅਤੇ ਲੈਂਡ ਮੋਰਗੇਜ
Rate hold from 6 months to 1 year
HARPREET SINGH
Mortgage Broker
Ph: 778.558.9745
harpreetfunding@gmail.com
Get Preapproval in 2 Hours
Licensed professional mortgage broker

APNA DENTAL CENTRE
UNIT 306-A, 8035 120 STREET
DELTA, BC V4C 6P8
Dr. Pran Nath Vashisht
(Dentist)
TEL: 778-592-4400
apnadental.delta@gmail.com

ਪ੍ਰਦੇਸੀ Pardesi
SWEETS & RESTAURANT
Dine In - Take Out
ਤੁਸੀਂ ਸਾਡੇ ਸਟੋਰ ਤੋਂ ਹਰ ਤਰ੍ਹਾਂ ਦੀ ਮਠਿਆਈ ਲੈ ਸਕਦੇ ਹੋ
Veg & Non Veg Dishes
Samosa, Veg Pakora
Fish Pakora, Chicken Pakora
Sweets
604-591-1950 | #107 - 13588 - 88 Ave., Surrey

ਜ਼ੋਰਾਵਰ ਕੰਸਟਰਕਸ਼ਨ ਲਿਮ.
ਨਵੇਂ ਪੁਰਾਣੇ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੇ ਤੱਸਲੀਬਖ਼ਸ਼ ਡਰਾਈਵਾਲ ਕੰਮ ਲਈ ਸਰੀ ਦੀ ਪ੍ਰਸਿੱਧ ਜ਼ੋਰਾਵਰ ਕੰਸਟਰਕਸ਼ਨ ਕੰਪਨੀ ਦੀਆਂ ਸੇਵਾਵਾਂ ਲਉ
Lakhvir Singh Grewal: 778-881-0002


S T & A Simpson, Thomas and Associates
Get the legal support you need now.
Serving all of British Columbia
• Family Law
• Personal Injury
• Estate Litigation
• Employment Law
• Immigration Law
• Insurance Denials
We have translators fluent in Hindi and Punjabi.
Book your legal consultation
604 689 8888
simpsonthomas.com
Surrey Office
701 – 13761 96th Avenue
Surrey, BC V3V 0E8
Vancouver Office
501 – 808 Nelson Street
Vancouver, BC V6Z 2H2
Scan QR code to set up a legal consultation with us
Experienced lawyers for your legal needs.
BBB ACCREDITED BUSINESS
@stalawyers

ACCOUNTANT
axioaccounting.com
Personal & Corporate Tax Filing and other related services.
ਹਰ ਤਰ੍ਹਾਂ ਦੇ ਫਾਰਮ ਭਰਵਾਓ
#114-8028 128 St (Little India Plaza) Surrey, BC
AXiO Accounting + Tax
LAKHJIT S. SARANG
604-613-9100

PUNJAB LINK
ਪੰਜਾਬ ਲਿੰਕ
WEEKLY NEWSPAPER VOL. : 11 ISSUE : 46 SATURDAY, 11 NOVEMBER, 2023
www.punjablinkpaper.com 604-503-5465

ਰੇਡੀਓ ਪੰਜਾਬ ਹੁਣ AM 1600 ਅਤੇ 105.3 FM 'ਤੇ
Radio Punjab
ਤਿੰਨ ਰੰਗ
6pm to 9pm
B.C. Time
Every Weekend
Amarjit Singh
Studio: #300 12960 84AVE Surrey
Ph: 604 335 1313
www.radiopunjab.ca

# ਧਾਮੀ ਮੁੜ ਬਣੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ

## ਵਿਰੋਧੀ ਉਮੀਦਵਾਰ ਬਲਬੀਰ ਸਿੰਘ ਘੁੰਨਸ ਨੂੰ 101 ਵੋਟਾਂ ਦੇ ਵੱਡੇ ਫਰਕ ਨਾਲ ਹਰਾਇਆ

ਅੰਮ੍ਰਿਤਸਰ (ਲਾਂਬਾ, ਭੰਗੂ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਦੀ ਸਾਲਾਨਾ ਚੋਣ ਦੌਰਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਮੁੜ ਤੀਜੀ ਵਾਰ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਚੁਣ ਲਿਆ ਗਿਆ। ਉਨ੍ਹਾਂ ਵਿਰੋਧੀ ਧਿਰਾਂ ਵਲੋਂ ਖੜ੍ਹੇ ਕੀਤੇ ਗਏ ਉਮੀਦਵਾਰ ਬਲਬੀਰ ਸਿੰਘ ਘੁੰਨਸ ਨੂੰ 101 ਵੋਟਾਂ ਦੇ ਫਰਕ ਨਾਲ ਹਰਾਇਆ। ਸ਼੍ਰੋਮਣੀ ਕਮੇਟੀ ਮੁੱਖ ਦਫ਼ਤਰ ਸਥਿਤ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਹੋਏ ਜਨਰਲ ਇਜਲਾਸ ਦੌਰਾਨ ਹਰਭਜਨ ਸਿੰਘ ਮਸਾਣਾ ਸੀਨੀਅਰ ਮੀਤ ਪ੍ਰਧਾਨ, ਗੁਰਬਖ਼ਸ਼ ਸਿੰਘ ਖਾਲਸਾ ਜੂਨੀਅਰ ਮੀਤ ਪ੍ਰਧਾਨ ਅਤੇ ਭਾਈ ਰਾਜਿੰਦਰ ਸਿੰਘ ਮਹਤਾ ਜਨਰਲ ਸਕੱਤਰ ਵਜੋਂ ਚੁਣੇ ਗਏ। ਅੰਤ੍ਰਿੰਗ ਕਮੇਟੀ ਦੇ 11 ਮੈਂਬਰਾਂ ਵਿਚ ਮੋਹਨ ਸਿੰਘ ਬੰਗੀ, ਰਘਬੀਰ ਸਿੰਘ ਸਹਾਰਨਮਾਜਰਾ, ਜਸਮੇਰ ਸਿੰਘ ਲਾਛੜੂ, ਖੁਸ਼ਿਵੰਦਰ ਸਿੰਘ ਭਾਟੀਆ, ਬੀਬੀ ਹਰਦੀਪ ਕੌਰ ਖੋਖ, ਇੰਦਰਮੋਹਨ ਸਿੰਘ ਲਖਮੀਰਵਾਲਾ, ਗੁਰਪ੍ਰੀਤ ਸਿੰਘ ਝੱਬਰ, ਬੀਬੀ ਮਲਕੀਤ ਕੌਰ ਕਮਾਲਪੁਰ, ਅਮਰਜੀਤ ਸਿੰਘ ਭਲਾਈਪੁਰ, ਬੀਬੀ ਜਸਪਾਲ ਕੌਰ ਅਤੇ ਜਸਵੰਤ ਸਿੰਘ ਪੁੜੈਣ ਸ਼ਾਮਲ ਹਨ।



ਇਜਲਾਸ ਦੌਰਾਨ ਹਾਜ਼ਰ 137 ਮੈਂਬਰਾਂ ਨੇ ਪਰਚੀਆਂ ਰਾਹੀਂ ਵੋਟਾਂ ਪਾਈਆਂ ਜਿਸ 'ਚੋਂ 118 ਧਾਮੀ ਨੂੰ ਮਿਲੀਆਂ ਜਦਕਿ ਉਨ੍ਹਾਂ ਦੇ ਵਿਰੋਧੀ ਬਲਬੀਰ ਸਿੰਘ ਘੁੰਨਸ ਨੂੰ ਸਿਰਫ਼ 17 ਵੋਟਾਂ ਪਈਆਂ ਅਤੇ 2 ਵੋਟਾਂ ਰੱਦ ਹੋਈਆਂ। ਵਿਰੋਧੀ ਧਿਰ ਦੇ ਉਮੀਦਵਾਰ ਨੂੰ ਇਸ ਵਾਰ 25 ਵੋਟਾਂ ਘੱਟ ਪਈਆਂ ਹਨ ਜਦਕਿ ਪਿਛਲੇ ਵਰ੍ਹੇ ਜਦੋਂ ਬੀਬੀ ਜਗੀਰ ਕੌਰ ਵਿਰੋਧੀ ਧਿਰਾਂ ਦੇ ਉਮੀਦਵਾਰ ਸਨ ਤਾਂ ਉਨ੍ਹਾਂ ਨੂੰ 42 ਵੋਟਾਂ ਮਿਲੀਆਂ ਸਨ। ਇਜਲਾਸ ਦੌਰਾਨ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ, ਸ੍ਰੀ ਅਕਾਲ ਤਖ਼ਤ ਦੇ ਵਧੀਕ ਮੁੱਖ ਗ੍ਰੰਥੀ ਗਿਆਨੀ ਮਲਕੀਤ ਸਿੰਘ ਅਤੇ ਹੋਰ ਹਾਜ਼ਰ ਸਨ। ਲਗਾਤਾਰ ਤੀਜੀ ਵਾਰ ਪ੍ਰਧਾਨ ਮਗਰੋਂ ਧਾਮੀ ਨੇ ਸ੍ਰੀ ਦਰਬਾਰ ਸਾਹਿਬ ਮੱਥਾ ਟੇਕਿਆ ਅਤੇ ਗੁਰੂਘਰ ਦਾ ਸ਼ੁਕਰਾਨਾ ਕੀਤਾ। ਇਸ ਤੋਂ ਪਹਿਲਾਂ ਜਨਰਲ ਇਜਲਾਸ ਦੌਰਾਨ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਪ੍ਰਧਾਨ ਵਾਸਤੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦਾ ਨਾਂ ਪੇਸ਼ ਕੀਤਾ, ਜਿਸ ਦੀ ਤਾਈਦ ਅਤੇ ਮਜੀਦ ਸਾਬਕਾ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਅਤੇ ਗੁਰਚਰਨ ਸਿੰਘ ਗਰੇਵਾਲ ਨੇ ਕੀਤੀ। ਐਡਵੋਕੇਟ ਧਾਮੀ ਦੇ ਮੁਕਾਬਲੇ ਮੈਦਾਨ ਵਿਚ ਨਿੱਤਰ ਬਲਬੀਰ ਸਿੰਘ ਘੁੰਨਸ ਦਾ ਨਾਂ ਅਮਰੀਕ ਸਿੰਘ ਸ਼ਾਹਪੁਰ ਨੇ ਪੇਸ਼ ਕੀਤਾ ਅਤੇ ਇਸ ਦੀ ਤਾਈਦ ਤੇ ਮਜੀਦ ਬਲਦੇਵ ਸਿੰਘ ਚੂੰਘਾ ਅਤੇ ਨਿਰਮੈਲ ਸਿੰਘ ਜੌਲਾਂ ਨੇ ਕੀਤੀ। ਇਜਲਾਸ ਦੌਰਾਨ ਸੁਖਦੇਵ ਸਿੰਘ ਭੌਰ ਨੇ ਸੰਬੋਧਨ ਕੀਤਾ ਅਤੇ ਸ਼੍ਰੋਮਣੀ ਕਮੇਟੀ ਦੀਆਂ ਬਣ ਰਹੀਆਂ ਵੋਟਾਂ ਦੀ ਪ੍ਰਕਿਰਿਆ ਵਿਚ ਖਾਮੀਆਂ ਵਿਰੁੱਧ ਤਿੱਖੀ ਆਵਾਜ਼ ਉਠਾਉਣ ਲਈ ਆਖਿਆ। ਲਗਾਤਾਰ ਤੀਜੀ ਵਾਰ ਪ੍ਰਧਾਨ ਚੁਣੇ ਗਏ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਲੰਮੇ ਅਰਸੇ ਤੋਂ ਸਿੱਖ ਸੰਸਥਾ ਨਾਲ ਜੁੜੇ ਹੋਏ ਹਨ। 1956 ਵਿਚ ਜਨਮੇ ਐਡਵੋਕੇਟ ਹਰਜਿੰਦਰ ਸਿੰਘ ਬੀਏ, ਐੱਲਐੱਲਬੀ ਪਾਸ ਹਨ ਅਤੇ ਚਾਰ ਦਹਾਕਿਆਂ ਤੋਂ ਵਕਾਲਤ ਦੇ ਪੇਸ਼ੇ ਨਾਲ ਜੁੜੇ ਹੋਏ ਹਨ। ਉਹ 1996 ਵਿਚ ਪਹਿਲੀ ਵਾਰ ਸ਼੍ਰੋਮਣੀ ਕਮੇਟੀ ਦੇ ਮੈਂਬਰ ਬਣੇ ਅਤੇ ਹੁਣ ਤੱਕ ਲਗਾਤਾਰ ਮੈਂਬਰ ਬਣਦੇ ਆ ਰਹੇ ਹਨ। ਉਹ 2019 ਵਿਚ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਚੁਣੇ ਗਏ ਅਤੇ 2020 ਵਿਚ ਉਨ੍ਹਾਂ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਦੇ ਪ੍ਰਬੰਧਕੀ ਅਹੁਦੇ 'ਤੇ ਸੇਵਾ ਨਿਭਾਈ। ਨਵੰਬਰ 2021 ਵਿਚ ਉਹ ਪਹਿਲੀ ਵਾਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬਣੇ ਸਨ।

GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

WE NOW OFFER OVER 40 PROGRAMS
StudentAidBC
EDUCATION ASSISTANT $8000 WAGES:$24-$28 PER HOUR
HEALTH CARE ASSISTANT $5250 WAGES:$17-$26.50 PER HOUR
PHARMACY ASSISTANT $5500 WAGES:$19.61-$27.30 PER HOUR
CERTIFIED DENTAL ASSISTANT $14,000 WAGES:$26-$30 PER HOUR
ONLINE CLASSES AVAILABLE FOR ALL PROGRAMS
WESTERN COMMUNITY COLLEGE
INSTALLMENT-BASED, LOW TUITION FEE
100% PRACTICUM PLACEMENT
FREE CLB PREPARATION* *SOME CONDITIONS APPLY
FULL/PART TIME & EVENING CLASSES AVAILABLE
FINANCIAL AID AVAILABLE : BC STUDENT LOAN & WCC FINANCING
www.westerncommunitycollege.ca
info@westerncommunitycollege.ca
604.594.3500
Surrey Unit 201-8318 120 St.
Abbotsford Unit 201-3670 Townline Rd.
South Surrey Unit 204-15850 24 Ave

Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੈਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਅਸੀਂ ਸਿਟੀਜ਼ਨਸ਼ਿਪ ਟੈਸਟ ਦੀ ਤਿਆਰੀ ਵੀ ਕੰਪਿਊਟਰ ਨਾਲ ਕਰਵਾਉਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries
Payal Business Centre
80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca

# ਗੈਂਗ ਹਿੰਸਾ ਦੀ ਘਟਨਾ ਵਿਚ ਟਰਾਂਟੋ 'ਚ 27 ਸਾਲਾ ਪਰਮ ਚਾਹਲ ਦੀ ਗੋਲੀਆਂ ਮਾਰ ਕੇ ਹੱਤਿਆ

## • ਐਡਮਿੰਟਨ 'ਚ ਗੈਸ ਸਟੇਸ਼ਨ 'ਤੇ ਪਿਓ ਪੁੱਤ ਦੀ ਗੋਲੀਆਂ ਮਾਰ ਕੇ ਹੱਤਿਆ • ਐਬਸਫੋਰਡ ਵਿੱਚ ਦੋ ਘਰਾਂ 'ਤੇ ਗੋਲੀਆਂ ਚੱਲੀਆਂ

ਜਿੱਥੇ ਇੱਕ ਪਾਸੇ ਸਾਡੇ ਭਾਈਚਾਰੇ ਦੇ ਹੋਣਹਾਰ ਨੌਜਵਾਨ ਮੁੰਡੇ -ਕੁੜੀਆਂ ਖੇਡਾਂ, ਵਿਦਿਆ ਅਤੇ ਸਾਹਿਤ ਵਿੱਚ ਮੱਲਾਂ ਮਾਰ ਰਹੇ ਹਨ, ਉੱਥੇ ਦੂਜੇ ਪਾਸੇ ਕਿਤੇ ਨਾ ਕਿਤੇ ਵਾਪਰੀ ਹਿੰਸਾ ਦੀ ਵਾਰਦਾਤ ਦਿਲ ਨੂੰ ਵਲੂੰਦਰ ਦਿੰਦੀ ਹੈ। ਬੀਤੇ ਚਾਰ ਦਿਨਾਂ ਵਿੱਚ ਵਾਪਰੀਆਂ ਵੱਖ-ਵੱਖ ਚਾਰ ਘਟਨਾਵਾਂ ਕਰਕੇ ਕੈਨੇਡਾ ਅੰਦਰ ਗੈਂਗ ਹਿੰਸਾ ਸਮੇਤ, ਕਈ ਤਰਾਂ ਚਿੰਤਾਜਨਕ ਹਾਲਾਤ ਬਣੇ ਹਨ। ਪਹਿਲੀ ਘਟਨਾ ਡਾਊਨ ਟਾਊਨ ਟਰਾਂਟੋ ਵਿੱਚ ਵਾਪਰੀ ਹੈ, ਇਸ ਵਿੱਚ 27 ਸਾਲਾ ਨੌਜਵਾਨ ਪਰਮਵੀਰ ਚਾਹਲ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਪਰਮ ਚਾਹਲ ਕਿਸੇ ਸਮੇਂ ਐਬਸਫੋਰਡ ਦੇ ਟਾਊਨ ਲਾਈਨ ਏਰੀਏ ਵਿੱਚ ਰਹਿੰਦਾ ਸੀ, ਜੋ ਕਿ




ਕੁਝ ਸਮਾਂ ਪਹਿਲਾਂ ਓਂਨਟੈਰੀਓ 'ਚ ਵਿੰਡਸਰ ਚਲਿਆ ਗਿਆ ਸੀ। ਜ਼ਿਕਰਯੋਗ ਹੈ ਕਿ ਯੂਐਨ ਗੈਂਗ ਨਾਲ ਸੰਬੰਧਤ ਕਈ ਨੌਜਵਾਨ ਇਸ ਵਰੇ ਮਾਰੇ ਗਏ। ਦੂਸਰੀ ਘਟਨਾ ਸਾਊਥ ਐਡਮਿੰਟਨ 'ਚ ਵਾਪਰੀ, ਜਿੱਥੇ ਗੈਸ ਸਟੇਸ਼ਨ 'ਤੇ ਦੋ ਵਿਅਕਤੀਆਂ ਦੀ ਹੱਤਿਆ ਕਰ ਦਿੱਤੀ ਗਈ। ਜਾਣਕਾਰੀ ਅਨੁਸਾਰ ਦੋਵੇਂ ਪੰਜਾਬੀ ਭਾਈਚਾਰੇ ਨਾਲ ਸਬੰਧਿਤ 41 ਸਾਲਾ ਪਿਤਾ 11 ਸਾਲਾ ਪੁੱਤਰ ਹਨ। ਇਸ ਤੋਂ ਪਹਿਲਾਂ ਐਬਸਫੋਰਡ ਦੇ ਮਕੱਲਮ ਏਰੀਏ ਅਤੇ ਮਨਾਰਕ ਏਰੀਏ ਵਿੱਚ ਦੋ ਘਰਾਂ 'ਤੇ ਗੋਲੀਆਂ ਚੱਲੀਆਂ, ਬੇਸ਼ਕ ਕੋਈ ਜਾਨੀ ਨੁਕਸਾਨ ਨਹੀਂ ਹੋਇਆ, ਪਰ ਚਿੰਤਾਜਨਕ ਹਾਲਾਤ ਬਣੇ ਹੋਏ ਹਨ। ਇਹਨਾਂ ਸਾਰੀਆਂ ਘਟਨਾਵਾਂ ਨਾਲ ਕੈਨੇਡੀਅਨ ਭਾਈਚਾਰੇ ਅੰਦਰ ਸਹਿਮ ਦਾ ਮਾਹੌਲ ਬਣਿਆ ਹੋਇਆ ਹੈ।




# ਗਜ਼ਾ 'ਚ ਮੌਤਾਂ ਨੂੰ ਦੇਖਦੇ ਹੋਏ ਇਜ਼ਰਾਈਲ ਆਪਰੇਸ਼ਨ ਵਿਚ ਗਲਤੀਆਂ ਦਾ ਪਤਾ ਲਗਦਾ-ਗੁਟਰੇਸ

ਨਿਊਯਾਰਕ-ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਐਂਟੋਨੀਓ ਗੁਟਰੇਸ ਦਾ ਕਹਿਣਾ ਕਿ ਗਜ਼ਾ ਪੱਟੀ ਵਿਚ ਵੱਡੀ ਗਿਣਤੀ ਵਿਚ ਆਮ ਨਾਗਰਿਕਾਂ ਦੇ ਮਾਰੇ ਜਾਣ ਤੋਂ ਪਤਾ ਲਗਦਾ ਹੈ ਕਿ ਇਜ਼ਰਾਈਲ ਦੇ ਹਮਾਸ ਫਲਸਤੀਨ ਅੱਤਵਾਦੀਆਂ ਖਿਲਾਫ ਸੈਨਿਕ ਆਪਰੇਸ਼ਨਾਂ ਵਿਚ ਸਪਸ਼ਟ ਰੂਪ ਵਿਚ ਕੁਝ ਨਾ ਕੁਝ ਗਲਤ ਹੋ ਰਿਹਾ ਹੈ। 7 ਅਕਤੂਬਰ ਦੇ ਹਮਲੇ ਵਿਚ ਅੱਤਵਾਦੀਆਂ ਵਲੋਂ ਇਜ਼ਰਾਈਲ ਵਿਚ 1400 ਵਿਅਕਤੀਆਂ ਨੂੰ ਮਾਰਨ ਅਤੇ 240 ਨੂੰ ਬੰਧਕ ਬਣਾ ਲੈਣ ਪਿੱਛੋਂ ਇਜ਼ਰਾਈਲ ਨੇ ਹਮਾਸ ਨੂੰ ਖਤਮ ਕਰਨ ਦਾ ਪ੍ਰਣ ਕੀਤਾ ਹੈ ਜਿਸ ਦਾ ਗਜ਼ਾ ਪੱਟੀ 'ਤੇ ਸਾਸ਼ਨ ਚਲ ਰਿਹਾ ਹੈ। ਇਜ਼ਰਾਈਲ ਨੇ 23 ਲੱਖ ਦੀ ਆਬਾਦੀ ਵਾਲੀ ਗਜ਼ਾ ਪੱਟੀ 'ਤੇ ਹਵਾਈ ਹਮਲੇ ਕੀਤੇ, ਘੇਰਾਬੰਦੀ ਕੀਤੀ ਅਤੇ ਜ਼ਮੀਨੀ ਹਮਲਾ ਸ਼ੁਰੂ ਕੀਤਾ ਹੋਇਆ ਹੈ। ਗੁਟਰੇਸ ਨੇ



ਰਾਇਟਰਜ਼ ਦੀ 'ਨੈਕਸਟ' ਕਾਨਫਰੰਸ ਵਿਚ ਦੱਸਿਆ ਕਿ ਜਦੋਂ ਹਮਾਸ ਵਲੋਂ ਮਨੁੱਖੀ ਢਾਲ ਬਣਾਈ ਜਾਂਦੀ ਹੈ ਤਾਂ ਉਸ ਵਲੋਂ ਉਲੰਘਣਾ ਕੀਤੀ ਜਾਂਦੀ ਹੈ ਪਰ ਜਦੋਂ ਸੈਨਿਕ ਕਾਰਵਾਈਆਂ ਵਿਚ ਇੰਨੀ ਗਿਣਤੀ ਵਿਚ ਆਮ ਨਾਗਰਿਕ ਮਾਰੇ ਜਾਂਦੇ ਹਨ ਤਾਂ ਕੁਝ ਨਾ ਕੁਝ ਸਪਸ਼ਟ ਰੂਪ ਵਿਚ ਗਲਤ ਹੋ ਰਿਹਾ ਹੈ। ਫਲਸਤੀਨ ਅਧਿਕਾਰੀਆਂ ਨੇ ਦੱਸਿਆ ਕਿ ਗਜ਼ਾ ਵਿਚ 10569 ਵਿਅਕਤੀ ਮਾਰੇ ਗਏ ਹਨ ਜਿਨ੍ਹਾਂ ਵਿਚੋਂ 40 ਫ਼ੀਸਦੀ ਬੱਚੇ ਹਨ। ਗੁਟਰੇਸ ਨੇ ਕਿਹਾ ਕਿ ਇਜ਼ਰਾਈਲ ਲਈ ਇਹ ਸਮਝਣਾ ਮਹੱਤਵਪੂਰਣ ਹੈ ਕਿ ਹਰ ਰੋਜ਼ ਫਲਸਤੀਨ ਲੋਕਾਂ ਦੀਆਂ ਨਾਟਕੀ ਮਾਨਵੀ ਲੋੜਾਂ ਦੀ ਭਿਆਨਕ ਤਸਵੀਰ ਨੂੰ ਦੇਖਣਾ ਇਜ਼ਰਾਈਲ ਦੇ ਹਿੱਤਾਂ ਦੇ ਵਿਰੁੱਧ ਹੈ। ਇਸ ਨਾਲ ਵਿਸ਼ਵ ਜਨਤਕ ਰਾਇ ਦੇ ਸਬੰਧ ਵਿਚ ਇਜ਼ਰਾਈਲ ਨੂੰ ਮਦਦ ਨਹੀਂ ਮਿਲੇਗੀ।






# ਐਮਾਜ਼ੋਨ ਡਰਾਈਵਰ ’ਤੇ 32 ਪੈਕੇਜ ਚੋਰੀ ਕਰਨ ਤੇ ਉਨ੍ਹਾਂ ਨੂੰ ਆਨਲਾਈਨ ਵੇਚਣ ਦਾ ਦੋਸ਼

ਸਰੀ-ਐਮਾਜ਼ੋਨ ਦੇ ਡਲਿਵਰੀ ਡਰਾਈਵਰ ਖਿਲਾਫ ਦੋਸ਼ ਲੰਬਿਤ ਹਨ ਜਿਸ ਨੇ 32 ਪੈਕਟਾਂ ਨੂੰ ਬੀਸੀ ਦੇ ਨਿਰਧਾਰਤ ਸਿਰਨਾਮਿਆਂ ’ਤੇ ਸੁੱਟਣ ਦੀ ਬਜਾਏ ਆਪਣੇ ਕੋਲ ਰੱਖ ਲਿਆ। ਡਰਾਈਵਰ ਨੇ ਕਥਿਤ ਰੂਪ ਵਿਚ ਡਲਿਵਰੀ ਦੇ ਮੁਕੰਮਲ ਹੋਣ ਦੀ ਨਿਸ਼ਾਨਦੇਹੀ ਕੀਤੀ ਪਰ ਇਸ ਦੀ ਬਜਾਏ ਵਸਤਾਂ ਆਪਣੇ ਕੋਲ ਰੱਖ ਲਈਆਂ। ਬਰਨਬੀ ਆਰਸੀਐਮਪੀ ਨੇ ਦੱਸਿਆ ਕਿ ਉਸ ਨੇ ਸਤੰਬਰ ਦੇ ਸ਼ੁਰੂ ਵਿਚ ਵੈਨਕੂਵਰ ਦੇ 28 ਸਾਲਾ ਵਿਅਕਤੀ ਦੀ ਭਾਲ ਸ਼ੁਰੂ ਕੀਤੀ ਸੀ ਜਦੋਂ ਐਮਾਜ਼ੋਨ ਨੇ ਦੱਸਿਆ ਕਿ ਉਸ ਦੇ ਸਬੰਧਤ ਇਲਾਕੇ ਦੇ ਡਰਾਈਵਰਾਂ ਵਿਚੋਂ ਇਕ ਨੇ ਬਹੁਤ ਸਾਰੀਆਂ ਵਸਤਾਂ ਗਾਹਕਾਂ ਨੂੰ ਨਹੀਂ ਦਿੱਤੀਆਂ। ਆਨਲਾਈਨ ਰਿਟੇਲਰਾਂ ਨੇ ਪੁਲਿਸ ਨੂੰ ਦੱਸਿਆ ਕਿ ਉਸ ਨੂੰ ਵਿਸ਼ਵਾਸ਼ ਸੀ ਕਿ ਡਰਾਈਵਰ ਡਲਿਵਰੀ ਨੂੰ ਪੂਰਾ ਕਰ ਰਿਹਾ ਹੈ ਪਰ ਅਸਲ ਵਿਚ ਉਹ ਪੈਕੇਟ ਸੁੱਟ ਨਹੀਂ ਸੀ ਰਿਹਾ। ਇਸ ਦੀ ਬਜਾਏ ਡਰਾਈਵਰ ਫੇਸਬੁੱਕ ਮਾਰਕੀਟਪਲੇਸ ’ਤੇ ਮੁੜ ਵੇਚ ਰਿਹਾ ਸੀ। ਬਰਨਬੀ ਜਾਂਚ ਅਧਿਕਾਰੀਆਂ ਨੇ ਡਰਾਈਵਰ ਦੇ ਘਰ ਦੇ ਤਲਾਸ਼ੀ ਵਾਰੰਟ ਹਾਸਲ ਕਰਕੇ ਬਹੁਤ ਸਾਰੀਆਂ ਵਸਤਾਂ ਲੱਭੀਆਂ ਜਿਨ੍ਹਾਂ ਨੂੰ ਐਮਾਜ਼ੋਨ ਨੇ ਚੋਰੀ ਹੋਈਆਂ ਦੱਸਿਆ ਸੀ। ਅਧਿਕਾਰੀਆਂ ਨੇ 28 ਸਾਲਾ ਡਰਾਈਵਰ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਅਤੇ ਉਸ ਦੇ ਖਿਲਾਫ ਚੋਰੀ ਦੇ 32 ਦੋਸ਼ਾਂ ਦੀ ਸਿਫਾਰਸ਼ ਕੀਤੀ ਹੈ। ਡਿਟੈਚਮੈਂਟ ਨੇ ਕਿਹਾ ਕਿ ਚੋਰੀ ਕੀਤੀਆਂ ਵਸਤਾਂ ਦੀ ਕੀਮਤ 2200 ਡਾਲਰ ਦੇ ਕਰੀਬ ਸੀ। ਬੀਸੀ ਪ੍ਰੌਸੀਕਿਊਸ਼ਨ ਸਰਵਿਸ ਤੋਂ ਦੋਸ਼ਾਂ ਨੂੰ ਅਜੇ ਪ੍ਰਵਾਨਗੀ ਮਿਲਣੀ ਹੈ।

# ਮਾਂਟਰੀਅਲ ਵਿਚ ਦੋ ਯਹੂਦੀ ਸੰਸਥਾਵਾਂ ਵਿਖੇ ਫਾਇਰਬੰਬਾਂ ਨਾਲ ਹਮਲਾ

ਮਾਂਟਰੀਅਲ-ਇਥੇ ਯਹੂਦੀ ਭਾਈਚਾਰੇ ਨੇ ਦੋ ਸਥਾਨਕ ਯਹੂਦੀ ਸੰਸਥਾਵਾਂ ’ਤੇ ਰਾਤ ਨੂੰ ਫਾਇਰਬੰਬਾਂ ਨਾਲ ਕੀਤੇ ਹਮਲਿਆਂ ਦੀ ਵਿਆਪਕ ਨਿੰਦਾ ਦਾ ਸੱਦਾ ਦਿੰਦਿਆਂ ਕਿਹਾ ਕਿ ਇਹ ਘਟਨਾਵਾਂ ਸ਼ਹਿਰ ਵਿਚ ਯਹੂਦੀਆਂ ਦੇ ਵਿਰੋਧਵਾਦ ਦਾ ਤਾਜ਼ਾ ਸਬੂਤ ਹਨ। ਮਾਂਟਰੀਅਲ ਯਹੂਦੀ ਆਰਗਨਾਈਜ਼ੇਸ਼ਨ ਫੈਡਰੇਸ਼ਨ ਦੇ ਪ੍ਰਧਾਨ ਤੇ ਸੀਈਓ ਯੇਅਰ ਸਜ਼ਲਾਕ ਨੇ ਪ੍ਰੈਸ ਕਾਨਫਰੰਸ ਵਿਚ ਦੱਸਿਆ ਕਿ ਮੇਰਾ ਮੰਨਣਾ ਕਿ ਸਿਆਸਤਦਾਨਾਂ, ਸਾਡੇ ਨੇਤਾਵਾਂ ਅਤੇ ਹਰੇਕ ਭਾਈਚਾਰੇ ਦੇ ਨੇਤਾਵਾਂ ਵਲੋਂ ਇਹ ਕਹਿਣ ਲਈ ਬਹੁਤ ਕੁਝ ਕਰਨ ਦੀ ਲੋੜ ਹੈ ਕਿ ਇਸ ਤਰ੍ਹਾਂ ਦਾ ਰਵੱਈਆ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਸੋਮਵਾਰ ਅਤੇ ਮੰਗਲਵਾਰ ਦੀ ਵਿਚਕਾਰਲੀ ਰਾਤ ਨੂੰ ਫਾਇਰਬੰਬਾਂ ਦੇ ਹਮਲਿਆਂ ਵਿਚ ਰਨਗਰੇਸ਼ਨ ਬੈਥ ਟਿਕਵਾਹ ਸਿਨਾਗੌਗ ਦੇ ਅਗਲੇ ਦਰਵਾਜੇ ਅਤੇ ਮਾਂਟਰੀਅਲ ਦੇ ਉਪਸ਼ਹਿਰੀ ਡੋਲਾਰਜ-ਡੇਸ-ਓਰਮੌਕਸ ਵਿਚ ਫੈਡਰੇਸ਼ਨ ਸੀਜੀਏ ਦੇ ਦਫ਼ਤਰ ਦੇ ਪਿਛਲੇ ਦਰਵਾਜੇ ਨੂੰ ਮਾਮੂਲੀ ਨੁਕਸਾਨ ਪਹੁੰਚਾ ਹੈ। ਸਜ਼ਲਾਕ ਨੇ ਦੱਸਿਆ ਕਿ ਘਟਨਾਵਾਂ ਵਿਚ ਕੋਈ ਵੀ ਵਿਅਕਤੀ ਜ਼ਖ਼ਮੀ ਨਹੀਂ ਹੋਇਆ ਕਿਉਂਕਿ ਘਟਨਾਵਾਂ ਸਮੇਂ ਦੋਵੇਂ ਇਮਾਰਤਾਂ ਖਾਲੀ ਸਨ। ਮਾਂਟਰੀਅਲ ਪੁਲਿਸ ਵਿਭਾਗ ਫਾਇਰਬੰਬਾਂ ਦੀ ਜਾਂਚ ਕਰ ਰਿਹਾ ਹੈ।

# ਅਰਾਈਵਕੈਨ ਐਪ ਨਾਲ ਜੁੜੀਆਂ ਘਟਨਾਵਾਂ ਨੂੰ ਲੈ ਕੇ ਸਰਕਾਰੀ ਅਧਿਕਾਰੀ ਖਿਲਾਫ ਦੋਸ਼ ਬਹੁਤ ਹੀ ਚਿੰਤਾਜਨਕ-ਟਰੂਡੋ

ਓਟਵਾ-ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਹਾਊਸ ਵਿਚ ਅਰਵਾਈਵਕੈਨ ਐਪ ਨਾਲ ਜੁੜੀਆਂ ਘਟਨਾਵਾਂ ਨੂੰ ਲੈ ਕੇ ਇਕ ਸੀਨੀਅਰ ਅਧਿਕਾਰੀ ਵਲੋਂ ਦੂਸਰੇ ਖਿਲਾਫ ਧਮਕੀਆਂ ਤੇ ਝੂਠ ਬੋਲਣ ਲਈ ਕਹਿਣ ਸਬੰਧੀ ਦੋਸ਼ਾਂ ਦੇ ਸਵਾਲਾਂ ਦਾ ਸਾਹਮਣਾ ਕਰਨਾ ਪਿਆ ਅਤੇ ਉਨ੍ਹਾਂ ਨੂੰ ਬਹੁਤ ਚਿੰਤਾਜਨਕ ਦੱਸਿਆ ਹੈ। ਹੈਲਥ ਕੈਨੇਡਾ ਵਿਖੇ ਸਹਾਇਕ ਡਿਪਟੀ ਮੰਤਰੀ ਕੈਮਰੋਨ ਮੈਕਡੋਨਾਲਡ ਨੇ ਸਰਕਾਰੀ ਆਪਰੇਸ਼ਨ ਕਮੇਟੀ ਦੇ ਐਮਪੀਜ਼ ਨੂੰ ਦੱਸਿਆ ਕਿ ਉਸ ਨੂੰ ਫੈਡਰਲ ਸਰਕਾਰ ਦੇ ਮੌਜੂਦਾ ਚੀਫ਼ ਤਕਨਾਲੋਜੀ ਅਫਸਰ ਮਿਨਹ ਡੋਨ ਨੇ ਧਮਕੀ ਦਿੱਤੀ ਸੀ। ਉਨ੍ਹਾਂ ਕਿਹਾ ਕਿ ਇਹ ਘਟਨਾ ਅਕਤੂਬਰ 2022 ਵਿਚ ਫੋਨ ਕਾਲ ’ਤੇ ਵਾਪਰੀ ਸੀ ਕਿ ਐਪ ਤਿਆਰ ਕਰਨ ਲਈ ਆਈਟੀ ਸਟਾਫਿੰਗ ਫਰਮ ਜੀਸੀ ਸਟਰੈਟਜੀਜ਼ ਦੇ ਦੋ ਵਿਅਕਤੀਆਂ ਦੀ ਚੋਣ ਕਿਸ ਨੂੰ ਕੀਤੀ ਸੀ ਬਾਰੇ ਐਮਪੀਜ਼ ਨੂੰ ਅਧਿਕਾਰੀਆਂ ਨੇ ਕੀ ਕਹਿਣਾ ਹੈ। ਫੋਨ ਕਾਲ ਸਮੇਂ ਡੋਨ ਕੈਨੇਡਾ ਬਾਰਡਰ ਸਰਵਿਸਜ਼ ਵਿਚ ਕੰਮ ਕਰਦਾ ਸੀ। ਅਰਾਈਵਕੈਨ ਐਪ ਦੇ ਪਹਿਲੇ ਦਿਨਾਂ ਦੌਰਾਨ ਏਜੰਸੀ ਦਾ ਉਪ ਪ੍ਰਧਾਨ ਅਤੇ ਮੁੱਖ ਸੂਚਨਾ ਅਧਿਕਾਰੀ ਮੈਕਡੋਨਾਲਡ ਏਜੰਸੀ ਵਿਖੇ ਡਾਇਰੈਕਟਰ ਜਨਰਲ ਸੀ ਅਤੇ ਡੋਨ ਉਸ ਦਾ ਸਾਬਕਾ ਸੁਪੀਰੀਅਰ ਸੀ। ਸੀਬੀਐਸਏ ਅਰਾਈਵਕੈਨ ਐਪ ਦੇ ਨਿਰਮਾਣ ਤੇ



ਰੱਖ ਰਖਾਅ ਲਈ ਜ਼ਿੰਮੇਵਾਰ ਸੀ। ਡੋਨ ਨੇ ਪਿਛਲੇ ਮਹੀਨੇ ਐਮਪੀਜ਼ ਨੂੰ ਦੱਸਿਆ ਕਿ ਉਹ ਜੀਸੀਸਟਰੈਟਜੀਸ ਨੂੰ ਹਾਇਰ ਕਰਨ ਦੇ ਫ਼ੈਸਲੇ ਵਿਚ ਸ਼ਾਮਿਲ ਨਹੀਂ ਸੀ। ਮੈਕਡੋਨਾਲਡ ਨੇ ਐਮਪੀਜ਼ ਨੂੰ ਦੱਸਿਆ ਕਿ ਡੋਨ ਨੇ ਜੀਸੀਸਟਰੈਟਜੀਸ ਦੀ ਚੋਣ ਕੀਤੀ ਕੀਤੀ ਸੀ। ਜੋ ਕੁਝ ਇਸ ਕਮੇਟੀ ਨੂੰ ਦੱਸਿਆ ਗਿਆ ਸੀ ਉਹ ਝੂਠ ਸੀ। ਹਰ ਕੋਈ ਇਸ ਬਾਰੇ ਜਾਣਦਾ ਹੈ। ਪ੍ਰਸ਼ਨ ਕਾਲ ਦੌਰਾਨ ਕੰਸਰਵੇਟਿਵ ਐਮਪੀ ਪੀਅਰੇ ਪੋਲੀਵਰ ਨੇ ਬਿਆਨ ਦਿੰਦਿਆਂ ਟਰੂਡੋ ਨੂੰ ਧਮਕੀਆਂ ਤੇ ਝੂਠ ਦੇ ਦੋਸ਼ਾਂ ਬਾਰੇ ਪੁੱਛਿਆ। ਟਰੂਡੋ ਨੇ ਜਵਾਬ ਵਿਚ ਕਿਹਾ ਕਿ ਰਿਪੋਰਟਾਂ ਬਹੁਤ ਹੀ ਚਿੰਤਾਜਨਕ ਹਨ। ਉਨ੍ਹਾਂ ਨੂੰ ਪਤਾ ਹੈ ਕਿ ਸਬੰਧਤ ਅਧਿਕਾਰੀ ਇਸ ਨੂੰ ਬਹੁਤ ਗੰਭੀਰਤਾ ਨਾਲ ਲੈਣਗੇ। ਅਸੀਂ ਆਸ ਕਰਦੇ ਹਾਂ ਸਾਡੇ ਪੇਸ਼ੇਵਰ ਸਰਕਾਰੀ ਅਧਿਕਾਰੀ ਹਮੇਸ਼ਾ ਬਹੁਤ ਹੀ ਇਮਾਨਦਾਰੀ ਨਾਲ ਕੰਮ ਕਰਨਗੇ। ਉਨ੍ਹਾਂ ਨੂੰ ਯਕੀਨ ਹੈ ਕਿ ਅਜਿਹਾ ਹੁੰਦਾ ਰਹੇਗਾ। ਡੋਨ ਮੌਜੂਦਾ ਸਮੇਂ ਟਰੇਜ਼ਰੀ ਬੋਰਡ ਸਕੱਤਰੇਤ ਲਈ ਕੰਮ ਕਰ ਰਹੇ ਹਨ। ਟੀਬੀਐਸ ਨੇ ਮੈਕਡੋਨਾਲਡ ਦੇ ਬਿਆਨ ਨਾਲ ਸਬੰਧਤ ਸਵਾਲਾਂ ਨੂੰ ਸੀਬੀਐਸਏ ਨੂੰ ਸੌਂਪ ਦਿੱਤਾ ਹੈ ਪਰ ਸੀਬੀਐਸਏ ਨੇ ਕੋਈ ਵੀ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ। ਸਿਹਤ ਮੰਤਰੀ ਮਾਰਕ ਹਾਲੈਂਡ ਜਿਹੜੇ ਮੈਕਡੋਨਾਲਡ ਦੇ ਵਿਭਾਗ ਦੀ ਅਗਵਾਈ ਕਰਦੇ ਹਨ ਨੇ ਬਹੁਤ ਸੰਖੇਪ ਟਿੱਪਣੀ ਕੀਤੀ ਪਰ ਕਿਹਾ ਕਿ ਉਸ ਨੂੰ ਤੱਥਾਂ ਦੀ ਘੋਖ ਲਈ ਸਮਾਂ ਚਾਹੀਦਾ ਹੈ।

# ਸਰੀ ਐਮਐਲਏ ਰਚਨਾ ਸਿੰਘ ਨੂੰ ਵਾਪਸ ਬੁਲਾਉਣ ਲਈ ਪਟੀਸ਼ਨ ਦਾਇਰ

ਵਿਕਟੋਰੀਆ-ਸਰੀ-ਗਰੀਨ ਟਿੰਬਰਜ਼ ਐਮਐਲਏ ਰਚਨਾ ਸਿੰਘ ਨੂੰ ਵਾਪਸ ਬੁਲਾਉਣ ਲਈ ਇਲੈਕਸ਼ਨ ਬੀਸੀ ਕੋਲ ਇਕ ਪਟੀਸ਼ਨ ਦਾਇਰ ਕੀਤੀ ਗਈ ਹੈ। ਅੰਮ੍ਰਿਤ ਬੜਿੰਗ ਨੇ ਸੋਸ਼ਲ ਮੀਡੀਆ ’ਤੇ ਰੀਕਾਲ ਪਟੀਸ਼ਨ ਸਬੰਧੀ ਗੱਲ ਕਰਦਿਆਂ ਕਈ ਵੀਡੀਓਜ਼ ਪੋਸਟ ਕੀਤੀਆਂ ਹਨ ਪਰ ਉਸ ਨੇ ਇਹ ਪੁਸ਼ਟੀ ਕਰਨ ਲਈ ਨਾਊ-ਲੀਡਰ ਦੇ ਇਸ ਸਵਾਲ ਦਾ ਜਵਾਬ ਨਹੀਂ ਦਿੱਤਾ ਕਿ ਪਟੀਸ਼ਨ ਦਾਇਰ ਕਰਨ ਵਾਲਿਆਂ ਵਿਚ ਉਹ ਵੀ ਸ਼ਾਮਿਲ ਹੈ ਜਾਂ ਨਹੀਂ। ਬੜਿੰਗ ਬੀਸੀ ਦੀ ਫਰੀਡਮ ਪਾਰਟੀ ਦਾ ਨੇਤਾ ਹਨ ਜਿਸ ਨੇ ਬੀਸੀ ਸਕੂਲਾਂ ਵਿਚੋਂ ‘ਐਸਓਜੀਆਈ123 ਨੂੰ ਬਾਹਰ ਕਰਨ ਦੀ ਮੁਹਿੰਮ ਦੇ ਹਿੱਸੇ ਵਜੋਂ ਸਰੀ ਵਿਚ ਮਾਰਚ ਕੀਤੀ। ਗਰੁੱਪ ਨੇ ਸਿੰਘ ਨੂੰ ਕਈ ਵਾਰ ਅਸਤੀਫਾ ਦੇਣ ਲਈ ਕਿਹਾ ਹੈ। ਯੂਜ਼ਰਨੇਮ ਰੀਕਾਲਰਚਨਾ ਤਹਿਤ ਕਈ ਸੋਸ਼ਲ ਮੀਡੀਆ ਵੈੱਬਸਾਈਟਾਂ ’ਤੇ ਪਾਈ ਵੀਡੀਓ ਵਿਚ ਬੜਿੰਗ ਨੇ ਕਿਹਾ ਕਿ ਉਹ ਚਾਹੁੰਦੇ ਹਨ ਕਿ ਬੀਸੀ ਦੀ ਸਿੱਖਿਆ ਮੰਤਰੀ ਰੀਕਾਲ ਕੀਤੀ ਜਾਵੇ ਕਿਉਂਕਿ ਉਸ ਦਾ ਮੰਨਣਾ ਕਿ ਉਸ ਦੀ ਨਿਗਰਾਨੀ ਹੇਠ ਬੀਸੀ



ਸਕੂਲਾਂ ਵਿਚ ਬੱਚਿਆਂ ਦਾ ਜਿਣਸੀ ਸ਼ੋਸ਼ਣ ਕੀਤਾ ਜਾ ਰਿਹਾ ਹੈ। ਬੜਿੰਗ ਨੇ ਆਪਣੀਆਂ ਚਿੰਤਾਵਾਂ ਜ਼ਾਹਿਰ ਕਰਨ ਲਈ ਕਈ ਵਾਰ ਸਿੰਘ ਨਾਲ ਸੰਪਰਕ ਕੀਤਾ ਪਰ ਕੋਈ ਹੁੰਗਾਰਾ ਨਹੀਂ ਮਿਲਿਆ। ਰੀਕਾਲ ਰਚਨਾ ਵੈੱਬਸਾਈਟ ’ਤੇ ਪਾਈ ਪੋਸਟ ਵਿਚ ਲਿਖਿਆ ਕਿ ਇਹ ਸਵੀਕਾਰਯੋਗ ਨਹੀਂ ਹੈ, ਸਿੱਖਿਆ ਮੰਤਰੀ ਨੂੰ ਮਾਪਿਆਂ ਪ੍ਰਤੀ ਜਵਾਬਦੇਹ ਹੋਣਾ ਚਾਹੀਦਾ ਹੈ। ਬੀਸੀ ਦੀ ਫਰੀਡਮ ਪਾਰਟੀ ਮਾਪਿਆਂ ਦੇ ਹੱਕਾਂ ਲਈ ਵਕਾਲਤ ਕਰ ਰਹੀ ਹੈ। ਬੜਿੰਗ ਨੇ ਦੱਸਿਆ ਕਿ ਅਸੀਂ ‘ਐਸਓਜੀਆਈ123 ਦੇ ਵਿਰੋਧੀ ਹਾਂ ਕਿਉਂਕਿ ਇਹ ਮਾਪਿਆਂ ਤੇ ਬੱਚਿਆਂ ਦੇ ਅਧਿਕਾਰਾਂ ਦੀ ਉਨ੍ਹਾਂ ਦੀ ਇਜਾਜ਼ਤ ਬਿਨ੍ਹਾਂ ਉਲੰਘਣਾ ਕਰਦੀ ਹੈ। ਇਲੈਕਸ਼ਨ ਬੀਸੀ ਕਹਿੰਦਾ ਹੈ ਕਿ ਇਕ ਐਮਐਲਏ ਨੂੰ ਰੀਕਾਲ ਕਰਨ ਦਾ ਕੋਈ ਤੌਰ ਤਰੀਕਾ ਸਥਾਪਤ ਨਹੀਂ। ਪਟੀਸ਼ਨ 24 ਅਕਤੂਬਰ ਨੂੰ ਦਾਇਰ ਕੀਤੀ ਗਈ ਸੀ ਜਿਹੜੀ ਅਜੇ ਮਨਜ਼ੂਰ ਨਹੀਂ ਹੋਈ।

# ਖ਼ਤਰਨਾਕ ਡਰਾਈਵਿੰਗ ਨਾਲ ਦੋ ਵਿਦਿਆਰਥੀਆਂ ਦੀ ਜਾਨ ਲੈਣ ਵਾਲੇ ਡਰਾਈਵਰ ਨੂੰ ਤਿੰਨ ਸਾਲ ਕੈਦ ਦੀ ਸਜ਼ਾ

ਵਿਕਟੋਰੀਆ-ਖ਼ਤਰਨਾਕ ਡਰਾਈਵਿੰਗ ਕਰਕੇ ਯੂਬੀਸੀ ਵਿਖੇ ਦੋ ਵਿਦਿਆਰਥੀਆਂ ਦੀ ਜਾਨ ਲੈਣ ਵਾਲੇ ਡਰਾਈਵਰ ਨੂੰ ਤਿੰਨ ਸਾਲ ਕੈਦ ਦੀ ਸਜ਼ਾ ਸੁਣਾਈ ਗਈ ਹੈ। ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ ਵਿਖੇ ਤੇਜ਼ ਰਫ਼ਤਾਰ ਕਾਰ ਦੀ ਟੱਕਰ ਨਾਲ ਮਰਨ ਵਾਲੇ ਨੌਜਵਾਨ ਲੜਕੇ ਦੀ ਮਾਂ ਨੇ ਪੁੱਤਰ ਦੇ ਕਾਤਲ ਨੂੰ ਤਿੰਨ ਸਾਲ ਦੀ ਸਜ਼ਾ ਸੁਣਾਏ ਜਾਣ ਪਿੱਛੋਂ ਕਿਹਾ ਕਿ ਅਪਰਾਧਿਕ ਨਿਆਂ ਪ੍ਰਣਾਲੀ ਪੀੜਤਾਂ ਨੂੰ ਮਿੱਟੀ ਵਿਚ ਸੁੱਟ ਦਿੰਦੀ ਹੈ। 26 ਸਤੰਬਰ 2021 ਨੂੰ ਟਿਮ ਗੋਰਨਰ ਨੇ ਖ਼ਤਰਨਾਕ ਡਰਾਈਵਿੰਗ ਕਰਦੇ ਹੋਏ ਡੇਬੀ ਓ ਡੇਅ-ਸਮਿਥ ਦੇ ਪੁੱਤਰ ਈਵਾਨ ਸਮਿਥ ਅਤੇ ਬੀਸੀ ਯੂਨੀਵਰਸਿਟੀ ਦੇ ਉਸ ਦੇ ਸਾਥੀ ਵਿਦਿਆਰਥੀ ਏਇਮਲੀ ਸੇਲਵੁੱਡ ਦੀ ਜਾਨ ਲੈ ਲਈ ਸੀ। ਗੋਰਨਰ ’ਤੇ ਨਸ਼ਾ ਕਰਕੇ ਗੱਡੀ ਚਲਾਉਣ ਦਾ ਦੋਸ਼ ਲਗਾਇਆ ਗਿਆ ਸੀ ਜਿਸ ਨਾਲ ਵਿਦਿਆਰਥੀਆਂ ਦੀ ਮੌਤ ਹੋਈ ਪਰ ਉਸ ਦੇ ਦੋਸ਼ ਖਾਰਜ ਕਰ ਦਿੱਤੇ ਗਏ ਅਤੇ ਪਿਛਲੇ ਮਹੀਨੇ ਉਸ ਨੇ ਮੌਤ ਲਈ ਖ਼ਤਰਨਾਕ ਡਰਾਈਵਿੰਗ ਕਰਨ ਦਾ ਦੋਸ਼ ਸਵੀਕਾਰ ਕਰ ਲਿਆ। ਰਿਚਮੰਡ ਦੀ ਪ੍ਰੋਵਿੰਸ਼ੀਅਲ ਅਦਾਲਤ ਵਿਚ ਦੋ ਦਿਨਾਂ ਸਜ਼ਾ ਸੁਣਵਾਈ ਖਤਮ ਹੋ ਗਈ। ਗੋਰਨਰ ਨੂੰ 2021 ਵਿਚ 5 ਸਾਲਾਂ ਲਈ ਡਰਾਈਵਿੰਗ ਕਰਨ ਦੀ ਮਨਾਹੀ ਕਰ ਦਿੱਤੀ।

UNI GLOBAL IMMIGRATION
CONSULTING SERVICES LTD.
Your Dream......Our Passion
For All Your Immigration Related Needs
• Express Entry (PR)
• FSW, FST
• Canadian Experience Class
• LMIA & Work Permit
• PNP
• Spousal (Marriage) Sponsorship
• Business (Investor) Visa
• Study Visa
• Care-giver (Nanny)
• Visitor Visa
• Super Visa
• Citizenship Application
• Refusal Cases
• IEC
We also help employers in hiring temporary foreign workers(TFW). We help employers in each and every step of acquiring Temporary Foreign Workers
Tel: 604-338-4975
604-507-9962
#12387 - 75 Ave., Surrey BC V3W 2S7
Email: contactuniglobal@gmail.com

HOMELAND MORTGAGE CORP.
ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ
☑ ਪਹਿਲੀ ਵਾਰ ਘਰ ਖਰੀਦਣ ਵਾਲੇ
☑ ਰੈਜੀਡੈਂਸ਼ੀਅਲ ਮੌਰਟਗੇਜ
☑ ਕੰਸਟਰਕਸ਼ਨ ਮੌਰਟਗੇਜ
☑ ਪ੍ਰਾਈਵੇਟ ਮੌਰਟਗੇਜ
☑ ਸੈਕੰਡ ਅਤੇ ਥਰਡ ਮੌਰਟਗੇਜ
• Residential Mortgages
• Construction Mortgage
• Commercial Mortgages
• Farm Financing
• Private Mortgages
• 2nd & 3rd Mortgage
(*Conditionsapply)
Professional & Experienced
MORTGAGE CONSULTANT
Ph: 604-593-6622
Fax: 604-593-6615
Unit 204 - 7928 128 St.
(York Business Centre) Surrey
www.homelandmortgage.ca,
homelandmortgage@hotmail.com



KULDIP S PANESAR
Senior Mortgage Advisor
Cell: 604-308-6839

# ਲਾਹੌਰ ਵਿਚ ਗਿਆਨੀ ਗੁਰਦਿੱਤ ਸਿੰਘ ਅਤੇ ਇੰਦਰਜੀਤ ਕੌਰ ਸੰਧੂ ਦੀ ਜਨਮ ਸ਼ਤਾਬਦੀ ਸੰਬੰਧੀ ਵਿਸ਼ੇਸ਼ ਸਮਾਗਮ

## ਬਲਦੇਵ ਸਿੰਘ 'ਸੜਕਨਾਮਾ' ਦੀ ਗਿਆਨੀ ਗੁਰਦਿੱਤ ਸਿੰਘ ਬਾਰੇ ਸ਼ਾਹਮੁਖੀ ਵਿਚ ਛਪੀ ਪੁਸਤਕ ਰਿਲੀਜ਼







ਸਰੀ, (ਹਰਦਮ ਮਾਨ)- ਦਿਆਲ ਸਿੰਘ ਰਿਸਰਚ ਐਂਡ ਕਲਚਰਲ ਫ਼ੋਰਮ ਲਾਹੌਰ ਵੱਲੋਂ ਹਰਦਰਸ਼ਨ ਮੈਮੋਰੀਅਲ ਇੰਟਰਨੈਸ਼ਨਲ ਟਰੱਸਟ ਕੈਨੇਡਾ ਅਤੇ ਭਾਈ ਸਾਹਿਬ ਰਣਧੀਰ ਸਿੰਘ ਟਰੱਸਟ ਯੂ.ਕੇ. ਦੇ ਸਹਿਯੋਗ ਨਾਲ ਬੀਤੇ ਦਿਨੀਂ ਨਾਮਵਰ ਪੰਜਾਬੀ ਸਾਹਿਤਕਾਰ ਮਰਹੂਮ ਗਿਆਨੀ ਗੁਰਦਿੱਤ ਸਿੰਘ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਾਬਕਾ ਵਾਈਸ ਚਾਂਸਲਰ ਮਰਹੂਮ ਇੰਦਰਜੀਤ ਕੌਰ ਸੰਧੂ ਦੀ ਜਨਮ ਸ਼ਤਾਬਦੀ ਮੌਕੇ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਦੇ ਮੁੱਖ ਮਹਿਮਾਨ ਮੀਰ ਖ਼ਲੀਲੁ ਰਹਿਮਾਨ ਮੈਮੋਰੀਅਲ ਸੁਸਾਇਟੀ ਦੇ ਚੇਅਰਮੈਨ ਅਤੇ ਰੋਜ਼ਾਨਾ ਜੰਗ ਨਾਲ ਜੁੜੇ ਸੀਨੀਅਰ ਪੱਤਰਕਾਰ ਵਾਸੀਫ ਨਾਗੀ ਸਨ, ਵਿਸ਼ੇਸ਼ ਮਹਿਮਾਨ ਡਾ. ਸ਼ਾਇਸਤਾ ਨੁਜ਼ਹਤ ਅਤੇ ਪੰਜਾਬ ਹਾਇਰ ਐਜੂਕੇਸ਼ਨ ਕਮਿਸ਼ਨ ਦੇ ਡਾਇਰੈਕਟਰ ਕੋਆਰਡੀਨੇਸ਼ਨ ਡਾ. ਤਨਵੀਰ ਕਾਸਿਮ ਰਾਣਾ ਸਨ। ਦਿਆਲ ਸਿੰਘ ਰਿਸਰਚ ਐਂਡ ਕਲਚਰਲ ਫ਼ੋਰਮ ਦੇ ਡਾਇਰੈਕਟਰ ਡਾ. ਅਬਦੁੱਲ ਰੱਜ਼ਾਕ ਸ਼ਾਹਿਦ ਨੇ ਆਏ ਮਹਿਮਾਨਾਂ ਦਾ ਸਵਾਗਤ ਕਰਦਿਆਂ ਗਿਆਨੀ ਗੁਰਦਿੱਤ ਸਿੰਘ ਦੀਆਂ ਸਾਹਿਤਕ ਸੇਵਾਵਾਂ ਅਤੇ ਪ੍ਰੋ. ਇੰਦਰਜੀਤ ਕੌਰ ਦੀਆਂ ਵਿੱਦਿਅਕ ਸੇਵਾਵਾਂ ਬਾਰੇ ਚਾਨਣਾ ਪਾਇਆ। ਉਨ੍ਹਾਂ ਦੱਸਿਆ ਕਿ ਦੋਵੇਂ ਪਤੀ-ਪਤਨੀ ਦਾ ਜਨਮ 1923ਈ. ਵਿੱਚ ਹੋਇਆ ਸੀ। ਉਨ੍ਹਾਂ ਦੇ ਸ਼ਤਾਬਦੀ ਸਮਾਗਮ ਪੂਰੇ ਭਾਰਤ ਵਿੱਚ ਮਨਾਏ ਜਾ ਰਹੇ ਹਨ। ਗਿਆਨੀ ਜੀ ਪੰਜਾਬੀ ਅਖ਼ਬਾਰ □ਪ੍ਰਕਾਸ਼□ ਦੇ ਮਾਲਕ ਅਤੇ ਸੰਪਾਦਕ ਸਨ। ਉਹ ਸਿੱਖ ਇਤਿਹਾਸ ਦੇ ਮਾਸਿਕ ਮੈਗਜ਼ੀਨ □ਸਿੰਘ ਸਭਾ ਪੱਤ੍ਰਿਕਾ□ ਦੇ ਸੰਪਾਦਕ ਵੀ ਸਨ। ਉਨ੍ਹਾਂ ਨੇ ਪੰਜਾਬ ਯੂਨੀਵਰਸਿਟੀ, ਲਾਹੌਰ ਤੋਂ ਗ੍ਰੈਜੂਏਸ਼ਨ ਕੀਤੀ। 1956 ਤੋਂ 1962 ਤੱਕ ਉਹ ਪੰਜਾਬ ਲੈਜਿਸਲੇਟਿਵ ਕੌਂਸਲ ਦੇ ਮੈਂਬਰ ਰਹੇ। ਇਹ ਸਨਮਾਨ ਪ੍ਰਾਪਤ ਕਰਨ ਵਾਲੇ ਉਹ ਪਹਿਲੇ ਅਤੇ ਆਖ਼ਰੀ ਪੰਜਾਬੀ ਲੇਖਕ ਸਨ। ਪ੍ਰੋ. ਇੰਦਰਜੀਤ ਕੌਰ ਨੇ ਵੀ ਬੈਚਲਰ ਆਫ਼ ਟੀਚਿੰਗ ਦੇ ਨਾਲ-ਨਾਲ ਲਾਹੌਰ ਕਾਲਜ ਤੋਂ ਫਿਲਾਸਫੀ ਵਿਚ ਆਪਣੀ ਐਮ.ਏ. ਕੀਤੀ। ਉਨ੍ਹਾਂ ਨੇ ਆਪਣਾ ਪੇਸ਼ੇਵਰ ਜੀਵਨ ਇੱਕ ਅਧਿਆਪਕਾ ਵਜੋਂ ਸ਼ੁਰੂ ਕੀਤਾ। ਕਈ ਕਾਲਜਾਂ ਵਿੱਚ ਪੜ੍ਹਾਉਣ ਤੋਂ ਬਾਅਦ ਉਹ ਬੇਸਿਕ ਟਰੇਨਿੰਗ ਕਾਲਜ ਚੰਡੀਗੜ੍ਹ ਦੀ ਪ੍ਰਿੰਸੀਪਲ ਬਣ ਗਈ। ਉਹ ਗੌਰਮਿੰਟ ਕਾਲਜ ਫ਼ਾਰ ਵੂਮੈਨ ਅੰਮ੍ਰਿਤਸਰ ਦੀ ਪ੍ਰਿੰਸੀਪਲ ਵੀ ਰਹੀ। 1975 ਵਿੱਚ ਉਹ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਵਾਈਸ-ਚਾਂਸਲਰ ਬਣੀ। ਉਹ ਯੂਨੀਵਰਸਿਟੀ ਦੀ ਤੀਜੀ ਵਾਈਸ-ਚਾਂਸਲਰ ਅਤੇ ਉੱਤਰੀ ਭਾਰਤ ਦੀ ਪਹਿਲੀ ਮਹਿਲਾ ਵਾਈਸ-ਚਾਂਸਲਰ ਸਨ। ਉਹ ਪਿਛਲੇ ਸਾਲ 99 ਸਾਲ ਦੀ ਉਮਰ ਵਿੱਚ ਅਕਾਲ ਚਲਾਣਾ ਕਰ ਗਏ ਸਨ। ਦੋਵਾਂ ਸ਼ਖ਼ਸੀਅਤਾਂ ਦੀ ਜਾਣ-ਪਛਾਣ ਤੋਂ ਬਾਅਦ ਕੈਨੇਡਾ ਵਸਦੇ ਜੈਤੇਗ ਸਿੰਘ ਅਨੰਤ ਵੱਲੋਂ ਵੌਇਸ ਸੰਦੇਸ਼ ਸੁਣਾਇਆ ਗਿਆ। ਦੋਵਾਂ ਪਤੀ-ਪਤਨੀ ਦੀਆਂ ਜੀਵਨ ਪ੍ਰਾਪਤੀਆਂ 'ਤੇ ਆਧਾਰਿਤ ਸਲਾਈਡਾਂ ਦਿਖਾਈਆਂ ਗਈਆਂ। ਜ਼ੂਮ ਲਿੰਕ 'ਤੇ ਹੋਏ ਸਮਾਰੋਹ 'ਚ ਦੋਵਾਂ ਸ਼ਖਸੀਅਤਾਂ ਦੇ ਰਿਸ਼ਤੇਦਾਰ ਮੌਜੂਦ ਸਨ। ਗੁਰਦਿੱਤ ਸਿੰਘ ਦੇ ਸਪੁੱਤਰ ਰੁਪਿੰਦਰ ਸਿੰਘ ਨੇ ਦੋਵਾਂ ਬਾਰੇ ਖ਼ੂਬਸੂਰਤ ਜਾਣਕਾਰੀ ਦਿੰਦਿਆਂ ਕਿਹਾ ਕਿ ਉਨ੍ਹਾਂ ਦੀਆਂ ਸਾਹਿਤਕ ਅਤੇ ਅਕਾਦਮਿਕ ਸੇਵਾਵਾਂ ਦਾ ਇੱਕ ਜ਼ਮਾਨਾ ਸ਼ਲਾਘਾ ਕਰਦਾ ਹੈ। ਗੁਰਿੰਦਰ ਮਾਨ ਅਮਰੀਕਾ ਤੋਂ ਇਸ ਸਮਾਗਮ ਵਿੱਚ ਸ਼ਾਮਲ ਹੋਏ। ਸਮਾਗਮ ਦੇ ਅਗਲੇ ਪੜਾਅ ਵਿੱਚ ਗਿਆਨੀ ਗੁਰਦਿੱਤ ਸਿੰਘ ਬਾਰੇ ਬਲਦੇਵ ਸਿੰਘ 'ਸੜਕਨਾਮਾ' ਦੀ ਸ਼ਾਹਮੁਖੀ ਵਿਚ ਛਪੀ ਪੁਸਤਕ ਰਿਲੀਜ਼ ਕੀਤੀ ਗਈ। ਇਸ ਪੁਸਤਕ ਵਿੱਚ ਉਨ੍ਹਾਂ ਨੇ ਗਿਆਨੀ ਗੁਰਦਿੱਤ ਸਿੰਘ ਦੀਆਂ ਸੇਵਾਵਾਂ ਦਾ ਵਰਨਣ ਕੀਤਾ ਹੈ। ਸਮਾਗਮ ਦਾ ਤੀਜੇ ਪੜਾਅ ਵਿਚ ਪੰਜਾਬੀ ਸਾਹਿਤ ਅਤੇ ਸੱਭਿਆਚਾਰ ਦੀਆਂ ਨਾਮਵਰ ਸ਼ਖ਼ਸੀਅਤਾਂ ਦਾ ਸਨਮਾਨ ਕੀਤਾ ਗਿਆ। ਨੈਸ਼ਨਲ ਕਾਲਜ ਆਫ਼ ਆਰਟਸ ਦੇ ਸਾਬਕਾ ਪ੍ਰਿੰਸੀਪਲ ਅਤੇ 'ਥਾਪ' ਦੇ ਸੀਈਓ ਪ੍ਰੋ. ਸਾਜਿਦਾ ਹੈਦਰ ਵੰਡਲ, ਨਾਮਵਰ ਪੰਜਾਬੀ ਲੇਖਕ, ਨਾਵਲਕਾਰ, ਸਫ਼ਰਨਾਮਾ ਲੇਖਕ ਅਤੇ ਕਵੀ ਪ੍ਰੋ. ਆਸ਼ਿਕ ਰਾਹੀਲ ਨੂੰ ਲਾਈਫ਼ਟਾਈਮ ਅਚੀਵਮੈਂਟ ਐਵਾਰਡ ਅਤੇ ਨਕਦ ਇਨਾਮ ਦਿੱਤਾ ਗਿਆ। ਪੰਜਾਬੀ ਭਾਸ਼ਾ ਅਤੇ ਸਾਹਿਤ ਪ੍ਰਤੀ ਸੇਵਾਵਾਂ ਬਦਲੇ ਪ੍ਰੋ. ਡਾ. ਕਲਿਆਣ ਸਿੰਘ ਕਲਿਆਣ, ਪ੍ਰੋ. ਡਾ. ਇਬਾਦਤ ਨਬੀਲ ਸ਼ਾਦ ਅਤੇ ਸਤਵੰਤ ਕੌਰ ਲੈਕਚਰ ਕਿੰਨਰਡ ਕਾਲਜ ਨੂੰ ਪੰਜਾਬੀ ਸੇਵਕ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ।

## ਕੈਨੇਡਾ ਨਾਲ ਜੁੜੇ ਕੁਲ 59 ਵਿਅਕਤੀਆਂ ਨੂੰ ਆਖਰਕਾਰ ਗਜ਼ਾ ਪੱਟੀ ਤੋਂ ਬਾਹਰ ਲਿਆਂਦਾ

ਓਟਵਾ-ਫੈਡਰਲ ਸਰਕਾਰ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਉਸ ਨੇ ਘਿਰੇ ਹੋਏ ਫਲਸਤੀਨੀ ਖੇਤਰ ਤੋਂ ਸੈਂਕੜੇ ਕੈਨੇਡੀਅਨ ਨੂੰ ਬਾਹਰ ਲਿਆਉਣ ਲਈ ਕੰਮ ਕੀਤਾ ਹੈ। ਵਿਦੇਸ਼ ਮਾਮਲਿਆਂ ਦੀ ਮੰਤਰੀ ਮੇਲਾਨੀ ਜੋਲੀ ਨੇ ਟੋਕੀਓ ਤੋਂ ਇਕ ਵੀਡੀਓ ਸੁਨੇਹੇ ਵਿਚ ਕੈਨੇਡੀਅਨਾਂ ਦੇ ਪਹਿਲੇ ਗਰੁੱਪ ਦੇ ਸਫਲਤਾਪੂਰਵਕ ਮਿਸਰ ਜਾਣ ਦਾ ਐਲਾਨ ਕੀਤਾ। ਮੇਲਾਨੀ ਇਜ਼ਰਾਈਲ ਅਤੇ ਹਮਾਸ ਵਿਚਕਾਰ ਇਕ ਮਹੀਨੇ ਤੋਂ ਚਲੀ ਆ ਰਹੀ ਭਿਆਨਕ ਖ਼ੂਨ ਖਰਾਬੇ ਵਾਲੀ ਲੜਾਈ 'ਤੇ ਚਰਚਾ ਕਰਨ ਲਈ ਟੋਕੀਓ ਵਿਚ ਆਪਣੇ ਜੀ7 ਹਮਰੁਤਬਾ ਨਾਲ ਮੀਟਿੰਗ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਹਨ੍ਹੇਰੇ ਵਿਚ ਥੋੜੀ ਰੋਸ਼ਨੀ ਹੋਣ ਬਾਰੇ ਉਸ ਕੋਲ ਇਕ ਚੰਗੀ ਖ਼ਬਰ ਹੈ। ਉਸ ਨੂੰ ਪਤਾ ਹੈ ਕਿ ਪਰਿਵਾਰ ਅਤੇ ਅਜ਼ੀਜ਼ ਬੇਸਬਰੀ ਨਾਲ ਇੰਤਜ਼ਾਰ ਕਰ ਰਹੇ ਹਨ। ਆਖਰਕਾਰ ਕੈਨੇਡੀਅਨਾਂ ਦਾ ਪਹਿਲਾ ਗਰੁੱਪ ਗਜ਼ਾ ਵਿਚੋਂ ਬਾਹਰ ਕੱਢ ਲਿਆ ਹੈ। ਦਿਨ ਦੇ ਅਖੀਰ ਵਿਚ ਗਲੋਬਲ ਅਫੇਅਰਜ਼ ਕੈਨੇਡਾ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ 59 ਕੈਨੇਡੀਅਨ, ਪਰਮਾਨੈਂਟ ਰੈਜ਼ੀਡੈਂਟਸ ਤੇ ਪਰਿਵਾਰਕ ਮੈਂਬਰ ਰਫਾਹ ਸਰਹੱਦ ਪਾਰ ਕਰਕੇ ਮਿਸਰ ਚਲੇ ਗਏ ਹਨ। ਕੈਨੇਡਾ ਸਮੇਤ ਕਈ ਦੇਸ਼ ਹਫ਼ਤਿਆਂ ਤੋਂ ਲਾਂਘੇ ਦੀ ਮੰਗ ਕਰ ਰਹੇ ਹਨ।








# ਕਾਰੋਬਾਰੀ ਨੇਤਾਵਾਂ ਨੇ ਭਾਰਤ ਤੇ ਕੈਨੇਡਾ ਦੇ ਸਬੰਧਾਂ ਵਿਚ ਆਈ ਖਟਾਸ 'ਤੇ ਦੁੱਖ ਜਤਾਇਆ

ਓਟਵਾ-ਕਾਰੋਬਾਰੀ ਨੇਤਾਵਾਂ ਨੂੰ ਕੈਨੇਡੀਅਨ ਅਤੇ ਭਾਰਤ ਸਰਕਾਰਾਂ ਵਿਚਕਾਰ ਚਲ ਰਹੇ ਟਕਰਾਅ ਦੇ ਨਤੀਜੇ ਨਾਲ ਲਗਾਤਾਰ ਜੂਝਣਾ ਪੈ ਰਿਹਾ ਹੈ ਅਤੇ ਉਨ੍ਹਾਂ ਦਾ ਕਹਿਣਾ ਕਿ ਮੁਕਤ ਵਪਾਰ ਗੱਲਬਾਤ ਰੋਕਣ ਨਾਲ ਕਿਸੇ ਦੀ ਮਦਦ ਨਹੀਂ ਹੋ ਰਹੀ। ਵਪਾਰਕ ਗਰੁੱਪਾਂ ਦਾ ਕਹਿਣਾ ਕਿ ਪਿਛਲੇ ਸਾਲ ਦੇ 20.9 ਅਰਬ ਡਾਲਰ ਦੇ ਵਸਤਾਂ ਅਤੇ ਸੇਵਾਵਾਂ ਦੇ ਵਪਾਰ ਨੂੰ ਹੋਰ ਹੁਲਾਰਾ ਦੇਣ ਵਿਚ ਖਟਾਸ ਵਾਲੇ ਸਬੰਧ ਇਕ ਵੱਡੀ ਰੁਕਾਵਟ ਹੈ ਅਤੇ ਇਹ ਭਾਰਤੀ ਵਿਦਿਆਰਥੀਆਂ ਨੂੰ ਕੈਨੇਡਾ ਵਿਚ ਪੜ੍ਹਾਈ ਕਰਨ ਤੋਂ ਰੋਕ ਰਹੇ ਹਨ। ਕੈਨੇਡਾ ਭਾਰਤ ਫਾਊਂਡੇਸ਼ਨ ਦੇ ਚੇਅਰਮੈਨ ਸਤੀਸ਼ ਠੱਕਰ ਦਾ ਕਹਿਣਾ ਕਿ ਕਿਸੇ ਵੀ ਵਪਾਰਕ ਗੱਲਬਾਤ ਜਾਂ ਵਪਾਰ ਸਮਝੌਤੇ ਨੂੰ ਰੋਕਣ ਦੀ ਗੱਲ ਕੋਈ ਮਾਇਨਾ ਨਹੀਂ ਰੱਖਦੀ। ਉਨ੍ਹਾਂ ਪੁੱਛਿਆ ਕਿ ਇਕ ਦੇਸ਼ ਵਜੋਂ ਇਹ ਗੱਲ ਸਾਡੀ ਕਿਵੇਂ ਮਦਦ ਕਰੇਗੀ। ਕੈਨੇਡਾ ਨੇ ਇਕ ਸਤੰਬਰ ਨੂੰ ਵਪਾਰ ਸਬੰਧੀ ਗੱਲਬਾਤ ਨੂੰ ਰੋਕ ਦਿੱਤਾ ਸੀ। 1970 ਦੇ ਦਹਾਕੇ ਤੋਂ ਕੈਨੇਡਾ-ਭਾਰਤ ਸਬੰਧਾਂ ਵਿਚ ਇਹ ਸਭ ਤੋਂ ਵੱਡੀ ਗਿਰਾਵਟ ਹੈ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵਲੋਂ 18 ਸਤੰਬਰ ਨੂੰ ਪਾਰਲੀਮੈਂਟ ਵਿਚ ਇਹ ਦੱਸਣ ਪਿੱਛੋਂ ਸਬੰਧ ਤੇਜ਼ੀ ਨਾਲ ਖਰਾਬ ਹੋਏ ਕਿ ਸਿੱਖਾਂ ਦੀ ਆਜ਼ਾਦੀ ਗੱਲ ਕਰਨ ਵਾਲੇ ਕਾਰਕੁਨ ਕੈਨੇਡੀਅਨ ਨਾਗਰਿਕ ਹਰਦੀਪ ਸਿੰਘ ਨਿੱਝਰ ਦੇ ਕਤਲ ਵਿਚ ਭਾਰਤ ਦੀ ਸ਼ਮੂਲੀਅਤ ਹੋ ਸਕਦੀ ਹੈ। ਨਿੱਝਰ ਨੂੰ ਬੀਸੀ ਵਿਚ ਸਰੀ ਦੇ ਗੁਰਦੁਆਰਾ ਸਾਹਿਬ ਦੀ ਪਾਰਕਿੰਗ ਵਿਚ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਸੀ। ਇਸ ਦੇ ਜਵਾਬ ਵਿਚ ਭਾਰਤ ਸਰਕਾਰ ਨੇ ਕੈਨੇਡੀਅਨ ਨਾਗਰਿਕਾਂ ਲਈ ਵੀਜ਼ਾ ਸੇਵਾਵਾਂ ਮੁਅੱਤਲ ਕਰ ਦਿੱਤੀਆਂ ਜਿਨ੍ਹਾਂ ਨੂੰ ਅੰਸ਼ਕ ਰੂਪ ਵਿਚ ਪਿਛਲੇ ਮਹੀਨੇ ਬਹਾਲ ਕੀਤਾ ਗਿਆ ਅਤੇ ਕੈਨੇਡੀਅਨ ਕੂਟਨੀਤਕਾਂ ਦੀ ਕੂਟਨੀਤਕ ਛੋਟ ਰੱਦ ਕਰ ਦਿੱਤੀ ਜਿਸ ਕਾਰਨ ਉਨ੍ਹਾਂ ਵਿਚੋਂ ਦੋ ਤਿਹਾਈ ਕੂਟਨੀਤਕਾਂ ਨੂੰ ਦੇਸ਼ ਛੱਡਣਾ ਪਿਆ। ਅਬਜ਼ਰਵਰਾਂ ਦਾ ਕਹਿਣਾ ਕਿ ਕੈਨੇਡਾ ਤੇ ਭਾਰਤ ਜਿਹੜਾ ਦੁਨੀਆਂ ਦੇ ਸਭ ਤੋਂ ਵੱਧ ਆਬਾਦੀ ਵਾਲੇ ਦੇਸ਼ ਅਤੇ ਸਭ ਤੋਂ ਤੇਜ਼ ਵੱਡੀ ਅਰਥ ਵਿਵਸਥਾ ਹੈ ਵਿਚਕਾਰ ਵਪਾਰਕ ਸੰਭਾਵਨਾਵਾਂ ਬਹੁਤ ਹੱਦ ਤਕ ਸਾਕਾਰ ਨਹੀਂ ਹੋਈਆਂ। ਭਾਰਤ ਕੈਨੇਡਾ ਦਾ ਅੱਠਵਾਂ ਸਭ ਤੋਂ ਵੱਡਾ ਵਪਾਰਕ ਭਾਈਵਾਲ ਹੈ ਜਿਹੜਾ ਕਿ ਅਮਰੀਕਾ ਅਤੇ ਚੀਨ ਤੋਂ ਕਾਫੀ ਪਿੱਛੇ ਹੈ।

# ਯੂਨਾਈਟਡ ਟਰੱਕਜ਼ ਐਸੋਸੀਏਸ਼ਨ ਆਫ਼ ਬ੍ਰਿਟਿਸ਼ ਕਲੰਬੀਆ ਵੱਲੋਂ ਦਸਵੀਂ ਵਰੇਗੰਢ 'ਤੇ ਪ੍ਰੈੱਸ ਕਾਨਫਰੰਸ

## ਸਿਆਸਤਦਾਨਾਂ ਦੇ ਦੋਹਰੇ ਮਾਪਦੰਡਾਂ ਕਰਕੇ ਨਹੀਂ ਹੱਲ ਹੋਈਆਂ ਸਾਰੀਆਂ ਸਮੱਸਿਆਵਾਂ

ਸਰੀ-ਬ੍ਰਿਟਿਸ਼ ਕਲੰਬੀਆ ਸੂਬੇ 'ਚ ਕੰਟੇਨਰ ਢੋਣ ਵਾਲੇ ਟਰੱਕ ਚਾਲਕਾਂ ਦੀ ਸੰਸਥਾ "ਯੂਨਾਇਟਿਡ ਟਰੱਕਰਜ਼ ਐਸੋਸੀਏਸ਼ਨ ਆਫ ਬ੍ਰਿਟਿਸ਼ ਕੋਲੰਬੀਆ" ਵੱਲੋਂ ਆਪਣੀ ਦਸਵੀਂ ਵਰੇਗੰਡ ਪੰਜਾਬੀ ਪ੍ਰੈਸ ਕਲੱਬ ਆਫ ਬ੍ਰਿਟਿਸ਼ ਕਲੰਬੀਆ ਨਾਲ ਮਨਾਈ ਗਈ। ਇਸ ਮੌਕੇ ਤੇ ਸੰਸਥਾ ਦੇ ਇੱਕ ਇੱਕ ਸੇਵਾਦਾਰ ਭਾਈ ਗਗਨਦੀਪ ਸਿੰਘ ਅਤੇ ਸਮੂਹ ਹਾਜ਼ਰ ਪ੍ਰਬੰਧਕਾਂ ਨੇ ਕਿਹਾ ਕਿ ਇਹਨਾਂ ਦਸ ਵਰਿਆਂ ਦੌਰਾਨ ਉਨ੍ਹਾਂ ਟਰੱਕ ਚਾਲਕਾਂ ਲਈ ਵੱਡੀਆਂ ਸਹੂਲਤਾਂ ਅਤੇ ਹੱਕ ਲੈਣ ਵਿੱਚ ਸਫਲਤਾ ਹਾਸਲ ਕੀਤੀ ਹੈ, ਪਰ ਹਾਲੇ ਵੀ ਬਹੁਤ ਸਾਰੀਆਂ ਸਮੱਸਿਆਵਾਂ ਜਿਓਂ ਦੀਆਂ ਤਿਓਂ ਹਨ। ਸੰਸਥਾ ਦੇ ਕਾਰਕੁਨਾਂ ਨੇ ਦੱਸਿਆ ਕਿ ਸੰਸਥਾ ਵੱਲੋਂ ਹੁਣ ਤੱਕ 70 ਫੀਸਦੀ ਤੱਕ ਟੀਚੇ ਪ੍ਰਾਪਤ ਕਰ ਲਏ ਗਏ ਹਨ। ਭਾਈਚਾਰੇ ਵਲੋਂ ਪੂਰਨ ਸਹਿਯੋਗ ਹੈ ਪਰ ਰਾਜਸੀ ਆਗੂ ਪੂਰੀ ਤਨਦੇਹੀ ਨਾਲ ਸਾਥ ਨਹੀਂ ਦਿੰਦੇ। ਉਹ ਮਸਲਿਆਂ ਦੇ ਹੱਲ ਲਈ ਵਿਉਂਤਾਂ ਬਣਾ ਕੇ ਸਿਆਸਤਦਾਨਾਂ ਨੂੰ ਦਿੰਦੇ ਰਹੇ ਹਨ, ਪਰ ਅਫਸੋਸ ਇਸ ਗੱਲ ਦਾ ਹੈ ਕਿ ਕਿ ਚੋਣਾਂ ਤੋਂ ਪਹਿਲਾਂ ਸਿਆਸਤਦਾਨਾਂ ਦਾ ਲਹਿਜਾ ਹੋਰ ਹੁੰਦਾ ਤੇ ਜਿੱਤਣ ਤੋਂ ਬਾਅਦ ਹੋਰ। ਸੰਸਥਾ ਦੇ ਨੁਮਾਇੰਦਿਆਂ ਨੇ ਵਾਅਦਾ ਕੀਤਾ ਕਿ ਉਹ ਭਵਿੱਖ ਵਿੱਚ ਵੀ ਲਗਾਤਾਰ ਮੰਗਾਂ ਦੁਹਰਾਉਂਦੇ ਰਹਿਣਗੇ। ਇਸ ਮੌਕੇ ਇਸ ਸਾਰੇ ਖਿੱਤੇ ਵਿੱਚ ਟਰੱਕ ਪਾਰਕਿੰਗ ਦੀ ਸਮੱਸਿਆ, ਟਰੱਕ ਸਟੌਪ ਦੀ ਘਾਟ, ਬਾਹਰੋਂ ਆਉਂਦੇ ਟਰੱਕ ਚਾਲਕਾਂ ਨੂੰ ਆਉਂਦੀਆਂ ਸਮੱਸਿਆਵਾਂ ਬਾਰੇ ਗੰਭੀਰ ਚਰਚਾ ਹੋਈ ਤੇ ਪੱਤਰਕਾਰਾਂ ਵੱਲੋਂ ਉਨ੍ਹਾਂ ਦੀਆਂ ਮੰਗਾਂ ਸਰਕਾਰਾਂ ਤੱਕ ਪਹੁੰਚਾਉਣ ਦਾ ਭਰੋਸਾ ਦਿਵਾਇਆ ਗਿਆ। ਗ੍ਰੈਂਡ ਤਾਜ ਬੈਂਕਟ ਹਾਲ ਵਿਖੇ ਇਹ ਮੀਟਿੰਗ ਪ੍ਰਭਾਵਸ਼ਾਲੀ ਰਹੀ।

# ਕ੍ਰਾਸ-ਕੰਟਰੀ ਭਾਈਵਾਲੀ ਨਾਲ ਬੀ.ਸੀ. ਦੀ ਗਰੀਨ ਹਾਈਡਰੋਜਨ ਆਰਥਿਕਤਾ 'ਤੇ ਨਜ਼ਰ

ਵਿਕਟੋਰੀਆ-ਹਾਈਡਰੋਜਨ ਆਰਥਿਕਤਾ ਵਿਕਸਤ ਕਰਨ ਲਈ ਪ੍ਰੀਮੀਅਰ ਡੇਵਿਡ ਏਬੀ ਅਤੇ ਨਿਊਫਾਊਂਡਲੈਂਡ ਅਤੇ ਲੈਬਰਾਡੋਰ ਦੇ ਪ੍ਰੀਮੀਅਰ ਨਾਲ ਭਾਈਵਾਲੀ ਸਮਝੌਤੇ 'ਤੇ ਦਸਤਖ਼ਤ ਕੀਤੇ ਹਨ। ਜਦੋਂ ਹਾਈਡਰੋਜਨ ਆਰਥਿਕਤਾ ਵਿਕਸਤ ਕਰਨ ਦੀ ਗੱਲ ਆਉਂਦੀ ਹੈ ਤਾਂ ਮਹਾਂਦੀਪ ਬ੍ਰਿਟਿਸ਼ ਕੋਲੰਬੀਆ ਨੂੰ ਨਿਊਫਾਊਂਡਲੈਂਡ ਅਤੇ ਲੈਬਰਾਡੋਰ ਨਾਲ ਭਾਈਵਾਲੀ ਕਰਨ ਤੋਂ ਨਹੀਂ ਰੋਕੇਗਾ। ਇਹ ਸੁਨੇਹਾ ਪ੍ਰੀਮੀਅਰ ਡੇਵਿਡ ਏਬੀ ਅਤੇ ਉਨ੍ਹਾਂ ਦੇ ਹਮਰੁਤਬਾ ਨਿਊਫਾਊਂਡਲੈਂਡ ਅਤੇ ਲੈਬਰਾਡੋਰ ਦੇ ਐਂਡਰਿਊ ਫ਼ੁਰੇ ਨੇ ਦੇਣ ਦੀ ਕੋਸ਼ਿਸ਼ ਕੀਤੀ ਜਦੋਂ ਉਨ੍ਹਾਂ ਨੇ ਸੇਂਟ ਜੌਹਨ ਵਿਚ ਸਹਿਯੋਗ ਵਾਲੇ ਬਿਆਨ 'ਤੇ ਦਸਤਖ਼ਤ ਕੀਤੇ। ਏਬੀ ਨੇ ਕਿਹਾ ਕਿ ਕਿ ਅਸੀਂ ਤਟਵਰਤੀ ਸੂਬੇ ਹਾਂ, ਸਾਡੇ ਕੋਲ ਮਹੱਤਵਪੂਰਣ ਊਰਜ ਸਰੋਤ ਤੇ ਸੰਭਾਵਨਾਵਾਂ ਹਨ। ਸਾਡੇ ਖ਼ਾਸ ਅਤੇ ਘੱਟ ਕਾਰਬਨ ਵਾਲੀ ਊਰਜਾ ਦੇ ਭਵਿੱਖ ਵਿਚ ਵਧ ਰਹੇ ਹਾਈਡਰੋਜਨ ਸੈਕਟਰ 'ਚ ਸਾਂਝੇ ਹਿੱਤ ਹਨ। ਬੀਸੀ ਕੈਨੇਡਾ ਦੇ ਲਗਪਗ 50 ਫ਼ੀਸਦੀ ਹਾਈਡਰੋਜਨ ਕਾਰੋਬਾਰ ਦਾ ਘਰ ਹੈ ਜੋ ਬਰਨਬੀ ਆਧਾਰਤ ਬੈਲਾਰਡ ਪਾਵਰ ਸਿਸਟਮ ਦੀ ਵਿਰਾਸਤ ਹੈ।

# ਸਿੱਖ ਕੈਨੇਡੀਅਨ ਸੁਨੇਹਪ੍ਰੀਤ ਕੌਰ ਬਸਰਾ ਨੂੰ 'ਕੈਨੇਡਾ ਦੀ ਸਰਵੋਤਮ ਫੀਲਡ ਹਾਕੀ ਖਿਡਾਰਨ ਦਾ' ਪੁਰਸਕਾਰ ਮਿਲਿਆ

ਵੈਨਕੂਵਰ (ਡਾ. ਗੁਰਵਿੰਦਰ ਸਿੰਘ)-ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ ਦੀ ਵਿਦਿਆਰਥਣ ਸਿੱਖ ਕੈਨੇਡੀਅਨ ਸਨੇਹਪ੍ਰੀਤ ਕੌਰ ਬਸਰਾ ਨੂੰ 'ਕੈਨੇਡਾ ਦੀ ਫੀਲਡ ਹਾਕੀ ਦੀ ਸਭ ਤੋਂ ਵਧੀਆ ਖਿਡਾਰਨ ਦਾ ਪੁਰਸਕਾਰ' ਮਿਲਣ ਨਾਲ ਸਿੱਖ ਕੌਮ ਦਾ ਸਿਰ ਉੱਚਾ ਹੋਇਆ ਹੈ। ਇਹ ਪੁਰਸਕਾਰ ਹਰ ਸਾਲ ਕੈਨੇਡਾ ਦੇ ਸਰਬੋਤਮ ਖਿਡਾਰੀ ਨੂੰ ਦਿੱਤਾ ਜਾਂਦਾ ਹੈ। ਇਸ ਵਾਰ ਫੀਲਡ ਹਾਕੀ ਦੇ ਖੇਤਰ ਵਿੱਚ ਇਹ ਪੁਰਸਕਾਰ ਜਿੱਤਣ ਵਾਲੀ ਸਿੱਖ ਕੈਨੇਡੀਅਨ ਸਨੇਹ ਪ੍ਰੀਤ ਕੌਰ ਪਹਿਲਾਂ ਵੀ ਕਈ ਸਨਮਾਨ ਹਾਸਲ ਕਰ ਚੁੱਕੀ ਹੈ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਸਰੀ ਦੇ ਪ੍ਰਿੰਸਸ ਮਾਰਗਰੇਟ ਸਕੂਲ ਦੀ ਸਾਇੰਸ ਦੀ ਟੀਮ, ਨਾਸਾ ਵਿੱਚ ਖੋਜ ਕਾਰਜ ਲਈ ਜਾ ਰਹੀ ਹੈ, ਉਸਦੇ ਪੰਜ ਹੋਣਹਾਰ ਬੱਚੇ ਸਿੱਖ ਭਾਈਚਾਰੇ ਨਾਲ ਸਬੰਧਿਤ ਹਨ, ਜੋ ਕਿ ਮਾਣ ਵਾਲੀ ਗੱਲ ਹੈ।



# ਅੰਗਰੇਜ਼ੀ ਮਾਂਟਰੀਅਲ ਸਕੂਲ ਬੋਰਡ ਵਲੋਂ ਫਰੈਂਚ ਭਾਸ਼ਾ ਵਿਚ ਸੰਚਾਰ ਕਰਨ ਲਈ ਮਜ਼ਬੂਰ ਕਰਨ ਬਦਲੇ ਕਿਊਬਕ ਸਰਕਾਰ ਖਿਲਾਫ ਕੇਸ

ਮਾਂਟਰੀਅਲ-ਕਿਊਬਕ ਦੇ ਅੰਗਰੇਜ਼ੀ ਭਾਸ਼ਾ ਦੇ ਸਭ ਤੋਂ ਵੱਡੇ ਸਕੂਲ ਬੋਰਡ ਦਾ ਕਹਿਣਾ ਕਿ ਉਹ ਸੂਬਾ ਸਰਕਾਰ ਨੂੰ ਸਖਤ ਭਾਸ਼ਾ ਨਿਯਮਾਂ ਨੂੰ ਲੈ ਕੇ ਅਦਾਲਤ ਵਿਚ ਘਸੀਟ ਰਿਹਾ ਹੈ ਜਿਸ ਤਹਿਤ ਬੋਰਡ ਨੂੰ ਸਾਰਾ ਲਿਖਤੀ ਸੰਚਾਰ ਫ੍ਰੈਂਚ ਭਾਸ਼ਾ ਵਿਚ ਕਰਨ ਦੀ ਲੋੜ ਹੈ। ਇੰਗਲਿਸ਼ ਮਾਂਟਰੀਅਲ ਸਕੂਲ ਬੋਰਡ ਦੇ ਚੇਅਰ ਜੋਅ ਔਰਟੋਨਾ ਨੇ ਕਿਹਾ ਕਿ ਇਹ ਗੱਲ ਬੇਤੁਕੀ ਹੈ ਕਿ ਅੰਗਰੇਜ਼ੀ ਭਾਸ਼ਾ ਵਾਲੀ ਸੰਸਥਾ ਦੇ ਮੁਲਾਜ਼ਮਾਂ ਨੂੰ ਇਕ ਦੂਸਰੇ ਨੂੰ ਫਰੈਂਚ ਭਾਸ਼ਾ ਵਿਚ ਲਿਖਣਾ ਪਵੇ। ਉਨ੍ਹਾਂ ਦੱਸਿਆ ਕਿ ਬੋਰਡ ਨੇ ਭਾਸ਼ਾ ਦੇ ਕੁਝ ਤੱਤਾਂ ਨੂੰ ਰੋਕਣ ਲਈ ਕਿਊਬਕ ਦੀ ਸੁਪਰੀਅਰ ਅਦਾਲਤ ਵਿਚ ਮੁਕੱਦਮਾ ਦਾਇਰ ਕਰਨ ਦੀ ਯੋਜਨਾ ਬਣਾਈ ਹੈ। ਉਨ੍ਹਾਂ ਦੱਸਿਆ ਕਿ ਜੇਕਰ ਇਕ ਅਧਿਆਪਕ ਮਾਪਿਆਂ ਨੂੰ ਉਨ੍ਹਾਂ ਦੇ ਬੱਚਿਆਂ ਨਾਲ ਸਬੰਧਤ ਕਿਸੇ ਮੁੱਦੇ 'ਤੇ ਸੰਬੋਧਨ ਕਰਦਾ ਹੈ ਤਾਂ ਉਨ੍ਹਾਂ ਤੋਂ ਫ੍ਰੈਂਚ ਭਾਸ਼ਾ ਵਿਚ ਲਿਖਣ ਦੀ ਆਸ ਕੀਤੀ ਜਾਂਦੀ ਹੈ, ਜੇਕਰ ਪ੍ਰਿੰਸੀਪਲ ਆਪਣੇ ਸਟਾਫ ਨੂੰ ਕੋਈ ਗੱਲ ਲਿਖਦਾ ਹੈ ਤਾਂ ਉਸ ਨੂੰ ਫ੍ਰੈਂਚ ਭਾਸ਼ਾ ਵਿਚ ਲਿਖਣਾ ਪਵੇਗਾ ਅਤੇ ਜੇਕਰ ਬੋਰਡ ਮੈਂਬਰ ਇਕ ਦੂਸਰੇ ਨੂੰ ਕਿਸੇ ਮੀਟਿੰਗ ਜਾਂ ਏਜੰਡੇ ਦੀਆਂ ਗੱਲਾਂ ਬਾਰੇ ਲਿਖਦੇ ਹਨ ਤਾਂ ਉਨ੍ਹਾਂ ਤੋਂ ਇਹ ਫ੍ਰੈਂਚ ਵਿਚ ਲਿਖਣ ਦੀ ਆਸ ਕੀਤੀ ਜਾਂਦੀ ਹੈ।







# ਭਗਵੰਤ ਮਾਨ ਦਾ ਇਕ ਪਾਤਰੀ ਨਾਟਕ...

**ਸੁਖਵਿੰਦਰ ਸਿੰਘ ਚੋਹਲਾ**

ਪਹਿਲੀ ਨਵੰਬਰ ਨੂੰ ਪੰਜਾਬ ਦਿਵਸ ਦੇ ਮੌਕੇ ਤੇ ਸਤਲੁਜ ਯਮੁਨਾ ਲਿੰਕ ਨਹਿਰ ਦੇ ਮੁੱਦੇ ਉਪਰ ਮੁੱਖ ਮੰਤਰੀ ਭਗਵੰਤ ਮਾਨ ਵਲੋਂ "ਮੈਂ ਪੰਜਾਬ ਬੋਲਦਾ ਹਾਂ" ਦੇ ਉਨਵਾਨ ਹੇਠ ਸੱਦੀ ਗਈ ਖੁੱਲੀ ਬਹਿਸ, ਵਿਰੋਧੀ ਧਿਰਾਂ ਦੇ ਆਗੂਆਂ ਵਲੋਂ ਬਾਈਕਾਟ ਕਰਨ ਕਾਰਨ ਇਕ ਪਾਤਰੀ ਨਾਟਕ ਹੋ ਨਿਬੜੀ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਡਾ ਮਨਮੋਹਣ ਸਿੰਘ ਆਡੀਟੋਰੀਅਮ ਦੇ ਮੰਚ ਉਪਰ ਵਿਰੋਧੀ ਧਿਰਾਂ ਦੇ ਆਗੂਆਂ ਲਈ ਸਜਾਈਆਂ ਗਈਆਂ ਖਾਲੀ ਕੁਰਸੀਆਂ ਦੇ ਵਿਚਾਲੇ ਮੁੱਖ ਮੰਤਰੀ ਵਾਲੀ ਵੱਡੀ ਕੁਰਸੀ ਤੇ ਸਜੇ ਬੈਠੇ ਚਿੱਟਾ ਕੁੜਤਾ-ਪਜਾਮਾ, ਨਹਿਰੂ ਜੈਕਟ ਤੇ ਘੁੱਟਕੇ ਬੰਨੀ ਪੀਲੀ ਦਸਤਾਰ ਵਾਲੇ ਭਗਵੰਤ ਮਾਨ ਨੇ ਮੰਚ ਉਪਰ ਆਪਣੀ ਭੂਮਿਕਾ ਨੂੰ ਖੁੱਲੀ ਬਹਿਸ ਦਾ ਨਾਮ ਦਿੰਦਿਆਂ ਇਸ਼ਾਰਾ ਕੀਤਾ ਕਿ ਇਹ ਨੇਤਾ ਜਿਹਨਾਂ ਨੇ ਪੰਜਾਬ ਤੇ ਰਾਜ ਕੀਤਾ ਤੇ ਪੰਜਾਬ ਦੇ ਹਿੱਤਾਂ ਨੂੰ ਵੇਚ ਛੱਡਿਆ, ਮੇਰੇ ਨਾਲ ਖੁੱਲੀ ਬਹਿਸ ਵਾਸਤੇ ਮੰਚ ਉਪਰ ਨਹੀ ਆਏ। ਉਹਨਾਂ ਨੂੰ 25 ਦਿਨਾ ਦਾ ਸਮਾਂ ਦਿੱਤਾ ਗਿਆ ਸੀ ਤਿਆਰੀ ਦਾ ਪਰ ਉਹ ਨਹੀ ਆਏ। ਉਹਨਾਂ ਆਉਣਾ ਹੀ ਨਹੀ ਸੀ ਕਿ ਕਿਉਂਕਿ ਉਹ ਲੋਕਾਂ ਸਾਹਮਣੇ ਆਉਣ ਤੇ ਪੰਜਾਬ ਦੇ ਮੁੱਦਿਆਂ ਦੀ ਗੱਲ ਰੱਖਣ ਦੇ ਯੋਗ ਹੀ ਨਹੀਂ। ਉਹ ਸਮਝਦੇ ਨੇ ਕਿ ਲੋਕਾਂ ਨੇ ਉਹਨਾਂ ਨੂੰ ਚੋਣਾਂ ਵਿਚ ਹਰਾ ਦਿੱਤਾ ਤੇ ਉਹਨਾਂ ਦੀਆਂ ਗਲਤੀਆਂ ਦੀ ਸਜਾ ਮਿਲ ਗਈ। ਨਹੀ ਉਹਨਾਂ ਦੇ ਗੁਨਾਹ ਕਦੇ ਮੁਆਫ ਨਹੀ ਹੋਣਗੇ। ਮੰਚ ਸੰਚਾਲਕ ਵਲੋਂ ਮੰਚ ਉਪਰ ਮੁੱਖ ਮੰਤਰੀ ਨੂੰ ਜੀ ਆਇਆ ਕਹਿਣ ਤੇ ਖਾਲੀ ਕੁਰਸੀਆਂ ਵੱਲ ਇਸ਼ਾਰਾ ਕਰਦਿਆਂ ਕਿਹਾ ਕਿ ਕੁਝ ਮਿੰਟ ਉਡੀਕ ਕਰ ਲਈਏ ਸ਼ਾਇਦ ਕੋਈ ਨੇਤਾ ਆਖਰੀ ਮੌਕੇ ਆਣ ਪੁੱਜੇ। ਮੰਚ ਸੰਚਾਲਕ ਦੀ ਇਸ ਸ਼ੁਰੂਆਤੀ ਟਿਪਣੀ ਨੇ ਹੀ ਬਹਿਸ ਦੇ ਨਾਮ ਹੇਠ ਮੁੱਖ ਮੰਤਰੀ ਵਲੋਂ ਖੇਡੇ ਜਾਣ ਵਾਲੇ ਇਕ ਪਾਤਰੀ ਨਾਟਕ ਦਾ ਵਿਖਿਆਨ ਕਰ ਦਿੱਤਾ। ਚਾਹੀਦਾ ਤਾਂ ਸੀ ਕਿ ਜਦੋਂ ਵਿਰੋਧੀ ਧਿਰਾਂ ਨੇ ਪਹਿਲਾਂ ਹੀ ਇਸ ਖੁੱਲੀ ਬਹਿਸ ਨੂੰ ਸਰਕਾਰੀ ਨਾਟਕ ਦਾ ਨਾਮ ਦਿੰਦਿਆਂ ਬਾਈਕਾਟ ਕਰਨ ਦਾ ਐਲਾਨ ਕਰਦਿਆਂ ਬਹਿਸ ਵਾਲੇ ਮੰਚ ਉਪਰ ਆਉਣ ਤੋਂ ਇਨਕਾਰ ਕਰ ਦਿੱਤਾ ਸੀ ਤਾਂ ਇਸ ਖੁੱਲੀ ਬਹਿਸ ਦਾ ਨਾਮ ਬਦਲਕੇ ਮੁੱਖ ਮੰਤਰੀ ਨਾਲ ਗੱਲਬਾਤ ਕਰ ਲਿਆ ਜਾਂਦਾ ਪਰ ਜਦੋਂ ਇਕ ਪਾਤਰੀ ਨਾਟਕ ਕਰਨ ਦੀ ਫੈਸਲਾ ਕਰ ਹੀ ਲਿਆ ਸੀ ਤਾਂ ਫਿਰ ਵਿਰੋਧੀਆਂ ਨੂੰ ਭਜਾਉਣ ਜਾਂ ਉਹਨਾਂ ਦੇ ਭੱਜ ਜਾਣ ਦੇ ਤਾਅਨੇ ਮਿਹਣੇ ਕਿਉਂ ?

ਮੰਚ ਉਪਰ ਵਿਰੋਧੀ ਆਗੂਆਂ-ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਤੇ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਦੇ ਨਾਵਾਂ ਵਾਲੀਆਂ ਸਜਾਕੇ ਰੱਖੀਆਂ ਤਖਤੀਆਂ ਤੇ ਕੁਰਸੀਆਂ ਵੱਲ ਇਸ਼ਾਰਾ ਕਰਦਿਆਂ ਤੇ ਮੁਖਾਤਿਬ ਹੁੰਦਿਆਂ ਮੁੱਖ ਮੰਤਰੀ ਨੇ ਪੰਜਾਬ ਦੇ ਪਾਣੀਆਂ ਦੀ ਵੰਡ ਅਤੇ ਐਸ ਵਾਈ ਐਲ ਦੇ ਮੁੱਦੇ ਉਪਰ ਸਾਰੀਆਂ ਸਿਆਸੀ ਧਿਰਾਂ ਨੂੰ ਜਿੰਮੇਵਾਰ ਠਹਿਰਾਉਂਦਿਆਂ ਦਾਅਵਾ ਕੀਤਾ ਕਿ ਜਦੋਂ ਦਰਿਆਈ ਪਾਣੀਆਂ ਦੀ ਵੰਡ ਲਈ ਇੰਟਰ ਸਟੇਟ ਵਾਟਰ ਡਿਸਪਿਊਟ ਐਕਟ 1956 ਮੌਜੂਦ ਸੀ ਤਾਂ ਪੰਜਾਬ ਦੇ ਪਾਣੀਆਂ ਦੀ ਵੰਡ ਲਈ ਵੱਖਰਾ ਫਾਰਮੂਲਾ ਕਿਉਂ ਅਪਣਾਇਆ ਗਿਆ। ਐਸ ਵਾਈ ਐਲ ਦੇ ਮੁੱਦੇ ਨੂੰ ਨਿਪਟਾਉਣ ਲਈ ਸਿਆਸੀ ਪਾਰਟੀਆਂ ਕੋਲ ਤਿੰਨ-ਤਿੰਨ ਮੌਕੇ ਮੌਜੂਦ ਸਨ ਫਿਰ ਵੀ ਇਹ ਮਸਲਾ ਹੱਲ ਕਿਉਂ ਨਾ ਹੋਇਆ। ਇਹ ਉਹ ਮੌਕੇ ਸਨ ਜਦੋਂ ਕੇਂਦਰ ਅਤੇ ਦੋਵਾਂ ਰਾਜਾਂ ਵਿਚ ਕਾਂਗਰਸ ਅਤੇ ਅਕਾਲੀ-ਭਾਜਪਾ ਸਰਕਾਰਾ ਰਹੀਆਂ ਪਰ ਕਿਸੇ ਨੇ ਵੀ ਮਸਲੇ ਦੇ ਹੱਲ ਲਈ ਸੁਹਿਰਦਤਾ ਨਹੀ ਵਿਖਾਈ। ਉਹਨਾਂ ਪੰਜਾਬ ਦੇ ਪਾਣੀਆਂ ਨੂੰ ਲੁਟਾਉਣ ਅਤੇ ਸਿਆਸੀ ਬਦਨੀਤੀ ਲਈ ਤਤਕਾਲੀ ਮੁੱਖ ਮੰਤਰੀਆਂ ਗਿਆਨੀ ਜੈਲ ਸਿੰਘ, ਦਰਬਾਰਾ ਸਿੰਘ, ਕੈਪਟਨ ਅਮਰਿੰਦਰ ਸਿੰਘ ਤੇ ਪ੍ਰਕਾਸ਼ ਸਿੰਘ ਬਾਦਲ ਨੂੰ ਜਿੰਮੇਵਾਰ ਠਹਿਰਾਉਂਦਿਆਂ ਕਿਹਾ ਕਿ ਹੁਣ ਨਵੀਂ ਪੀੜੀ ਇਤਿਹਾਸਕ ਗਲਤੀਆਂ ਦਾ ਹਿਸਾਬ ਮੰਗ ਰਹੀ ਹੈ। ਉਹਨਾਂ ਬਾਦਲ ਪਰਿਵਾਰ ਉਪਰ ਹਰਿਆਣਾ ਵਿਚ ਸਥਿਤ ਆਪਣੇ ਬਾਲਾਸਰ ਫਾਰਮ ਤੱਕ ਪਾਣੀ ਪਹੁੰਚਾਉਣ ਲਈ ਹਰਿਆਣਾ ਕੋਲ ਪੰਜਾਬ ਦੇ ਹਿੱਤ ਵੇਚਣ ਦੇ ਦੋਸ਼ ਲਗਾਏ ਤਾਂ ਕੈਪਟਨ ਅਮਰਿੰਦਰ ਸਿੰਘ ਉਪਰ ਪੰਜਾਬ ਵਾਟਰ ਟਰਮੀਨੇਸ਼ਨ ਐਕਟ ਪਾਸ ਕਰਨ ਦੇ ਬਾਵਜੂਦ ਰਾਸ਼ਟਰਪਤੀ ਨੂੰ ਸਲਾਹ ਲਈ ਭੇਜੇ ਜਾਣ ਨੂੰ ਸਿਆਸੀ ਬੇਈਮਾਨੀ ਕਰਾਰ ਦਿੱਤਾ। ਉਹਨਾਂ ਸਲਾਈਡ ਸ਼ੋਅ ਤੇ ਪਾਵਰ ਪੁਆਇੰਟ ਯੁਕਤ ਆਪਣੇ ਭਾਸ਼ਨ ਤੇ ਮੰਚ ਕਲਾਕਾਰੀ ਦਾ ਕਲਾਈਮੈਕਸ ਪੰਜਾਬ ਦੀਆਂ ਸਿਆਸੀ ਧਿਰਾਂ ਨੂੰ ਬੇਈਮਾਨ ਤੇ ਖੁਦਗਰਜ਼ ਕਰਾਰ ਦਿੰਦਿਆਂ ਰਾਜਨੀਤਕ ਬਦਲਾਅ ਲੈਕੇ ਮੁਲਕ ਦੇ ਸਿਆਸੀ ਮੰਚ ਉਪਰ ਆਈ ਆਮ ਆਦਮੀ ਪਾਰਟੀ ਨੂੰ ਹੀ ਦੇਸ਼ ਦਾ ਬੇਹਤਰ ਭਵਿੱਖ ਹੋਣ ਦਾ ਦਾਅਵਾ ਜਿਤਾਇਆ ਤੇ ਹਾਲ ਤਾੜੀਆਂ ਨਾਲ ਗੂੰਜ ਉਠਿਆ। ਉਂਜ ਇਹ ਤਾੜੀਆਂ ਦੀ ਗੂੰਜ ਹਰ ਉਸ ਦ੍ਰਿਸ਼ ਵੇਲੇ ਸੁਣਾਈ ਦਿੱਤੀ ਜਦੋਂ ਵੀ ਮੁੱਖ ਮੰਤਰੀ ਨੇ ਮੰਚ ਉਪਰ ਖਾਲੀ ਕੁਰਸੀਆਂ ਵੱਲ ਇਸ਼ਾਰਾ ਕਰਦਿਆਂ ਉਹਨਾਂ ਤੇ ਲਿਖੇ ਨਾਵਾਂ ਨੂੰ ਨਿਕੰਮੇ ਤੇ ਨਾਕਾਰਾ ਹੋਣ ਦੇ ਲਕਬ ਦਿੱਤੇ ਜਾਣ ਵਿਚ ਆਪਣੀ ਵਡਿਆਈ ਜਾਣੀ। ਇਥੋ ਤੱਕ ਕਹਿਣ ਵਿਚ ਸੰਕੋਚ ਨਹੀ ਕੀਤਾ ਕਿ ਇਹ ਤਾਂ ਉਸਦੀ ਆਪਣੀ ਦਰਿਆਦਿਲੀ ਹੈ ਕਿ ਇਹਨਾਂ ਨਿਕੰਮੇ ਲੀਡਰਾਂ ਲਈ ਮੰਚ ਉਪਰ ਕੁਰਸੀਆਂ ਲਗਵਾਈਆਂ ਹਨ।




ਪੰਜਾਬ ਦੇ ਪਾਣੀਆਂ ਦੀ ਵੰਡ ਅਤੇ ਐਸ ਵਾਈ ਐਲ ਦੇ ਮੁੱਦੇ ਉਪਰ ਹਰ ਪੰਜਾਬੀ ਜਾਣਦਾ ਹੈ ਕਿ ਬੀਤੇ ਵਿਚ ਸਿਆਸਤਦਾਨਾਂ ਨੇ ਆਪਣੀ ਵੋਟ ਰਾਜਨੀਤੀ ਲਈ ਇਸ ਮਸਲੇ ਨੂੰ ਕਿੰਝ ਉਲਝਾਈ ਰੱਖਿਆ। ਮੌਜੂਦਾ ਪੰਜਾਬ ਸਰਕਾਰ ਸਾਹਮਣੇ ਹੁਣ ਮੁੱਦਾ ਤਾਂ ਇਹ ਹੈ ਕਿ ਸੁਪਰੀਮ ਕੋਰਟ ਵਲੋਂ ਐਸ ਵਾਈ ਐਲ ਨਹਿਰ ਦਾ ਸਰਵੇਖਣ ਕਰਵਾਏ ਜਾਣ ਦੇ ਆਦੇਸ਼ਾਂ ਉਪਰੰਤ ਪੰਜਾਬ ਦੇ ਪਾਣੀਆਂ ਨੂੰ ਬਚਾਉਣ ਲਈ ਕੀ ਉਪਰਾਲਾ ਕੀਤਾ ਜਾਵੇ। ਸਾਰੀਆਂ ਵਿਰੋਧੀ ਪਾਰਟੀਆਂ ਨੂੰ ਨਾਲ ਲੈਕੇ ਇਕ ਸਮਝ ਪੈਦਾ ਕਰਨਾ ਅਤੇ ਪੰਜਾਬ ਦੇ ਹਿੱਤਾਂ ਲਈ ਇਕ ਸਾਂਝਾ ਤੇ ਮਜ਼ਬੂਤ ਪੱਖ ਕੀ ਹੋਵੇ ਪਰ ਸ਼ਾਇਦ ਮੁੱਖ ਮੰਤਰੀ ਅਤੇ ਉਹਨਾਂ ਦੀ ਪਾਰਟੀ ਵੀ ਇਸ ਮੁੱਦੇ ਨੂੰ ਵੋਟ ਰਾਜਨੀਤੀ ਨਾਲ ਹੀ ਜੋੜਕੇ ਵੇਖ ਰਹੇ ਹਨ। ਪਾਰਟੀ ਸੁਪਰੀਮੋ ਕੇਜਰੀਵਾਲ ਤਾਂ ਪਹਿਲਾਂ ਹੀ ਆਪਣੇ ਬਿਆਨਾਂ ਵਿਚ ਕਹਿ ਚੁੱਕੇ ਹਨ ਕਿ "ਹਰਿਆਨਾ ਕੋ ਪਾਨੀ ਤੋ ਮਿਲਨਾ ਚਾਹੀਏ।" ਹੁਣੇ ਪੰਜਾਬ ਤੋਂ ਇਕ ਰਾਜ ਸਭਾ ਮੈਂਬਰ ਵਲੋਂ ਵੀ ਹਰਿਆਣਾ ਦਾ ਪੱਖ ਪੂਰੇ ਜਾਣ ਲਈ ਵਿਰੋਧੀ ਧਿਰਾਂ ਜਵਾਬ ਮੰਗ ਰਹੀਆਂ ਹਨ। ਲੁਧਿਆਣਾ ਦੇ ਇਕ ਪਾਤਰੀ ਨਾਟਕ ਦੇ ਦ੍ਰਿਸ਼ ਸਪੱਸ਼ਟ ਹਨ ਕਿ ਮੁੱਖ ਮੰਤਰੀ ਭਗਵੰਤ ਮਾਨ ਵੀ ਉਹੀ ਕੁਝ ਕਰ ਰਹੇ ਹਨ ਜੋ ਕੁਝ ਬੀਤੇ ਵਿਚ ਸਿਆਸਤਦਾਨਾਂ ਨੇ ਕੀਤਾ। ਵਰਨਾ ਆਪਣੇ ਸਮਰਥਕਾਂ ਅਤੇ ਪਾਰਟੀ ਕਾਰਕੁੰਨਾਂ ਦੀ ਭੀੜ ਇਕੱਠੀ ਕਰਦਿਆਂ, ਮੰਚ ਉਪਰ ਖਾਲੀ ਕੁਰਸੀਆਂ ਨੂੰ ਮੁਖਾਤਿਬ ਹੋਣ ਦਾ ਕੀ ਅਰਥ ਹੈ ? ਉਹਨਾਂ ਦਾ ਦਾਅਵਾ ਹੈ ਕਿ ਪੰਜਾਬ ਦੇ ਮੁੱਦਿਆਂ ਉਪਰ ਇਹ ਇਕ ਇਤਿਹਾਸਕ ਬਹਿਸ ਸੀ। ਸਚਮੁੱਚ ਇਕ ਪਾਤਰੀ ਵਾਰਤਾਲਾਪ ਨੂੰ ਬਹਿਸ ਦਾ ਨਾਮ ਦੇਣਾ ਕਿਸੇ ਕ੍ਰਿਸ਼ਮੇ ਤੋਂ ਘੱਟ ਨਹੀਂ। ਉਹਨਾਂ ਇਸ ਵਾਰਤਾਲਾਪ ਦਾ ਨਤੀਜਾ ਵੀ ਸੁਣਾ ਦਿੱਤਾ ਹੈ ਕਿ ਸੁਪਰੀਮ ਕੋਰਟ ਵਿਚ ਜੋ ਅੱਜ ਸਥਿਤੀ ਹੈ ਉਹ ਪਿਛਲੇ ਸਿਆਸੀ ਹਾਕਮਾਂ ਦੀਆਂ ਗਲਤੀਆਂ ਦਾ ਨਤੀਜਾ ਹੈ ਤੇ ਭਵਿਖ ਵਿਚ ਜੋ ਵੀ ਹੋਵੇਗਾ ਉਸ ਲਈ ਪੰਜਾਬ ਦੇ ਮੌਜੂਦਾ ਮੁੱਖ ਮੰਤਰੀ ਜਾਂ ਪਾਰਟੀ ਜਿੰਮੇਵਾਰ ਨਹੀ ਹੋਵੇਗੀ। ਇਸ ਜਿੰਮੇਵਾਰੀ ਤੋਂ ਬਚਣ ਲਈ ਹੀ ਉਹਨਾਂ ਨੇ ਖੁੱਲੇ ਸੱਦੇ ਵਾਲੀ ਬਹਿਸ ਵਾਲੇ ਹਾਲ ਵਿਚ ਕਿਸੇ ਵਿਰੋਧੀ ਪਾਰਟੀ ਦੇ ਸਮਰਥਕ, ਮੁਲਾਜਮ, ਮਜਦੂਰ ਤੇ ਕਿਸਾਨ ਜਥੇਬੰਦੀਆਂ ਦੇ ਕਾਰਕੁੰਨਾਂ ਜਾਂ ਪੱਤਰਕਾਰਾਂ ਨੂੰ ਕਦਮ ਰੱਖਣ ਦੀ ਇਜਾਜਤ ਨਹੀ ਦਿੱਤੀ। ਪੰਜਾਬ ਦੇ ਮੁੱਦਿਆਂ ਉਪਰ ਵਿਰੋਧੀ ਧਿਰਾਂ ਨੂੰ ਜਿੰਮੇਵਾਰ ਠਹਿਰਾਉਣ ਦੇ ਨਾਲ ਉਹਨਾਂ ਆਪਣੇ ਡੇਢ ਸਾਲ ਦੇ ਕਾਰਜਕਾਲ ਦੌਰਾਨ ਜੋ ਕੰਮ ਕੀਤੇ, ਉਹਨਾਂ ਪ੍ਰਾਪਤੀਆਂ ਨੂੰ ਇਤਿਹਾਸਕ ਕਰਾਰ ਦਿੰਦਿਆਂ ਇਹ ਸੁਨੇਹਾ ਦੇਣਾ ਹੀ ਕਾਫੀ ਹੈ ਕਿ ਬਦਲਾਅ ਦੀ ਰਾਜਨੀਤੀ ਦੇ ਦਾਅਵਿਆਂ ਤੋ ਪ੍ਰੇਸ਼ਾਨ ਤੇ ਸੜਕਾਂ ਤੇ ਨਿਕਲੇ ਲੋਕਾਂ ਪ੍ਰਤੀ ਉਹ ਜਵਾਬਦੇਹ ਨਹੀ ਹਨ। ਅਜੇ ਉਹ ਪਹਿਲੇ ਸਿਆਸਤਦਾਨਾਂ ਦੀਆਂ ਗਲਤੀਆਂ ਨੂੰ ਸਮੇਟਣ ਦੇ ਆਹਰ ਵਿਚ ਹਨ। ਪੁਰਾਣੀਆਂ ਗਲਤੀਆਂ ਨੂੰ ਸਰਕਾਰੀ ਫਾਈਲਾਂ ਚੋ ਲੱਭਣਾ ਤੇ ਵਰਕੇ ਮੋੜਨਾ ਕੋਈ ਸਹਿਜ ਕਾਰਜ ਨਹੀ। ਗੱਲਾਂ ਦੇ ਕੜਾਹ ਕਰਨੇ ਸੌਖੇ ਨਹੀਂ ਹੁੰਦੇ। ਵੱਡੀ ਕਲਾਕਾਰੀ ਹੈ ਇਹ। ਇਕ ਪਾਤਰੀ ਨਾਟਕ ਇੰਜ ਹੀ ਚਲਦਾ ਰਹੇਗਾ.....


ਸਟ੍ਰੋਕ ਦੇ ਸੰਕੇਤਾਂ ਨੂੰ ਜਾਣੋ

**F**ace ਚਿਹਰਾ: ਕੀ ਚਿਹਰਾ ਹੇਠਾਂ ਨੂੰ ਢਿਲਕ ਰਿਹਾ ਹੈ?

**A**rms ਬਾਹਵਾਂ: ਕੀ ਤੁਸੀਂ ਆਪਣੀਆਂ ਬਾਹਵਾਂ ਉੱਪਰ ਨੂੰ ਚੁੱਕ ਸਕਦੇ ਹੋ?

**S**peech ਗੱਲ-ਬਾਤ: ਕੀ ਤੁਹਾਡੀ ਗੱਲ-ਬਾਤ ਅਸਪਸ਼ਟ ਹੋ ਰਹੀ ਹੈ?

**T**ime ਸਮੇਂ: ਸਮੇਂ ਦੀ ਅਹਿਮੀਅਤ ਸਮਝੋ - ਝਟਪਟ 9-1-1 'ਤੇ ਫੋਨ ਕਰੋ।

FAST ਕਿਰਿਆ ਕਰੋ। ਜੀਵਨ ਨੂੰ ਬਚਾਉਣ ਵਾਲਾ ਇਲਾਜ ਤੁਹਾਡੇ ਦੁਆਰਾ 9-1-1 ਤੇ ਕਾਲ ਕਰਨ ਦੇ ਸਕਿੰਟ ਨਾਲ ਸ਼ੁਰੂ ਹੁੰਦਾ ਹੈ।

heartandstroke.ca/punjabi

Heart &Stroke™

BRITISH COLUMBIA
Supported by the Province of British Columbia

© Heart and Stroke Foundation of Canada, 2022 | ™ The heart and / Icon on its own and the heart and / Icon followed by another icon or words are trademarks of the Heart and Stroke Foundation of Canada.



REAL ESTATE BUY & SELL
KULWANT ATWAL
604-716-2135

MORTGAGES 1st, 2nd or Private
BHAJAN ATWAL
604-773-8426

BUILD WITH WARRANTY
BUILD, SUPPORT & ADVICE TEAM WORK
604-773-8426
604-594-7592



Save Commissions & Get Sold Guaranteed
We Help Buyers With Cash Back
Buy, Sell, Mortgage or Build With Us:



amex A Mark of EXcellence
CENTUM

You Will Save Thousands Thousands Dollars

Buy With Us: Get Full Support
Sell With Us: Save Money
Build With Us: Warranty & Support

"Pre-Register Your House To Sell & Save Thousands Dollars & Guaranteed Sold"

RESIDENTIAL
CONSTRUCTION
COMMERCIAL
NEW IMMIGRANTS
SELF EMPLOYED

PRIVATE MORTGAGES
Support & Good Advice
Best Rate Honest Approach
Quick Approval & No Bank Rules*
Some conditions Apply

Real Estate, Mortgage, Build & Warranty, Private Mortgages
604-716-2135 604-773-8426

# ਬੰਦੀ ਛੋੜ ਦਿਵਸ ਦਾ ਇਤਿਹਾਸਕ ਮਹੱਤਵ

ਸਿੱਖ ਧਰਮ ਅੰਦਰ ਬੰਦੀ ਛੋੜ ਦਿਵਸ (ਦੀਵਾਲੀ) ਦਾ ਪਿਛੋਕੜ ਮੀਰੀ-ਪੀਰੀ ਦੇ ਮਾਲਕ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਗਵਾਲੀਅਰ ਕਿਲ੍ਹੇ ਵਿੱਚੋਂ ਰਿਹਾਅ ਹੋਣ ਨਾਲ ਜੁੜਿਆ ਹੋਇਆ ਹੈ। ਰਿਹਾਈ ਮਗਰੋਂ ਇਸ ਦਿਨ ਜਦੋਂ ਗੁਰੂ ਸਾਹਿਬ ਸ੍ਰੀ ਅੰਮ੍ਰਿਤਸਰ ਪੁੱਜੇ ਸਨ ਤਾਂ ਸੰਗਤਾਂ ਵੱਲੋਂ ਦੀਪਮਾਲਾ ਕਰਕੇ ਖ਼ੁਸ਼ੀਆਂ ਮਨਾਈਆਂ ਗਈਆਂ। ਗੁਰੂ ਸਾਹਿਬ ਨੇ ਗਵਾਲੀਅਰ ਕਿਲ੍ਹੇ ਵਿੱਚੋਂ ਬਾਹਰ ਆਉਣ ਸਮੇਂ ਆਪਣੇ ਨਾਲ ਉਨ੍ਹਾਂ ਰਾਜਿਆਂ ਦੀ ਵੀ ਖਲਾਸੀ ਕਰਵਾਈ ਜੋ ਉੱਥੇ ਜਹਾਂਗੀਰ ਵੱਲੋਂ ਕੈਦੀ ਬਣਾ ਕੇ ਰੱਖੇ ਗਏ ਸਨ। ਸਿੱਖ ਇਤਿਹਾਸ ਦੇ ਇਹ ਪੰਨੇ ਕੂੜ ਉੱਪਰ ਧਰਮ ਅਤੇ ਸੱਚਾਈ ਦੀ ਜਿੱਤ ਦੇ ਪ੍ਰਤੀਕ ਹਨ। ਬੰਦੀ ਛੋੜ ਦਿਵਸ ਸਾਨੂੰ ਸੱਚ ਦੀ ਆਵਾਜ਼ ਬਣਨ ਅਤੇ ਜ਼ੁਲਮ ਦੇ ਸਤਾਏ ਹੋਏ ਲੋਕਾਂ ਦੇ ਹੱਕ ਵਿੱਚ ਅੱਗੇ ਆਉਣ ਦੀ ਪ੍ਰੇਰਨਾ ਦਿੰਦਾ ਹੈ। ਸਿੱਖੀ ਦੇ ਮੁੱਢਲੇ ਅਸੂਲਾਂ ਵਿੱਚ ਨਿਆਂ ਅਤੇ ਪਰਉਪਕਾਰ ਮੋਹਰੀ ਹੈ। ਇਸੇ ਤਹਿਤ ਸਿੱਖ ਗੁਰੂ ਸਾਹਿਬਾਨ ਨੇ ਹਰ ਪੀੜਤ ਧਿਰ ਨਾਲ ਖੜ੍ਹਦਿਆਂ ਜ਼ੁਲਮਾਂ ਵਿਰੁੱਧ ਆਵਾਜ਼ ਬੁਲੰਦ ਕੀਤੀ ਅਤੇ ਹੱਕ, ਸੱਚ ਤੇ ਨਿਆਂ ਨੂੰ ਪ੍ਰਮੁੱਖਤਾ ਨਾਲ ਉਭਾਰਿਆ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਅਦੁੱਤੀ ਸ਼ਹਾਦਤ ਤੋਂ ਬਾਅਦ ਇਹ ਗੱਲ ਸਪੱਸ਼ਟ ਹੋ ਗਈ ਸੀ ਕਿ ਜ਼ਾਲਮਾਂ ਦੇ ਜ਼ੁਲਮ ਨੂੰ ਠੱਲ੍ਹ ਪਾਉਣ ਲਈ ਸ਼ਸਤਰਧਾਰੀ ਹੋਣਾ ਪਵੇਗਾ। ਇਸੇ ਲਈ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਗੁਰਗੱਦੀ 'ਤੇ ਬਿਰਾਜਮਾਨ ਹੋਣ ਮੌਕੇ ਮੀਰੀ ਤੇ ਪੀਰੀ ਦੀਆਂ ਦੋ ਕਿਰਪਾਨਾਂ ਧਾਰਨ ਕੀਤੀਆਂ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਸਿਰਜਣਾ ਕਰਵਾਈ। ਗੁਰੂ ਸਾਹਿਬ ਨੇ ਸਿੱਖਾਂ ਨੂੰ ਚੰਗੀ ਨਸਲ ਦੇ ਘੋੜੇ ਅਤੇ ਸ਼ਸਤਰ ਲਿਆਉਣ ਦਾ ਹੁਕਮ ਕੀਤਾ। ਇਸ ਤਰ੍ਹਾਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸਿੱਖਾਂ ਨੂੰ 'ਸੰਤ ਸਿਪਾਹੀ' ਬਣਾ ਦਿੱਤਾ ਸੀ। ਵਕਤ ਦੀ ਸ਼ਕਤੀਸ਼ਾਲੀ ਮੁਗਲੀਆ ਹਕੂਮਤ ਦੇ ਦੌਰ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪਣੀ ਫ਼ੌਜ ਨਾਲ ਜਿੰਨੀਆਂ ਵੀ ਲੜਾਈਆਂ ਲੜੀਆਂ, ਸਾਰੀਆਂ ਵਿੱਚ ਉਹ ਜੇਤੂ ਰਹੇ। ਪਰ ਇਸ ਦੇ ਚੱਲਦਿਆਂ ਹਕੂਮਤ ਨੇ ਗੁਰੂ-ਘਰ ਦੇ ਕੁਝ ਦੋਖੀਆਂ ਦੀਆਂ ਚੁਗਲੀਆਂ ਅਤੇ ਕੱਟੜਪੰਥੀ ਮੁਸਲਮਾਨ ਨੇਤਾਵਾਂ ਦੇ ਕੁਝ ਬਹਾਨਿਆਂ ਨੂੰ ਮੁੱਦਾ ਬਣਾ ਕੇ ਗੁਰੂ ਸਾਹਿਬ ਨੂੰ ਗਵਾਲੀਅਰ ਦੇ ਕਿਲ੍ਹੇ ਵਿੱਚ ਨਜ਼ਰਬੰਦ ਕਰ ਦਿੱਤਾ। ਗੁਰੂ ਸਾਹਿਬ ਦੀ ਗ੍ਰਿਫ਼ਤਾਰੀ ਸੁਣ ਕੇ ਸੰਗਤਾਂ ਵਿਆਕੁਲ ਹੋਣ ਲੱਗੀਆਂ। ਸੰਗਤਾਂ ਸ੍ਰੀ ਅੰਮ੍ਰਿਤਸਰ ਤੋਂ ਗਵਾਲੀਅਰ ਪੁੱਜਦੀਆਂ, ਪਰ ਗੁਰੂ ਸਾਹਿਬ ਦੇ ਦਰਸ਼ਨ ਨਾ ਹੋਣ ਕਾਰਨ ਕਿਲ੍ਹੇ ਦੀ ਪਰਿਕਰਮਾ ਕਰਕੇ ਵਾਪਸ ਆ ਜਾਂਦੀਆਂ। ਗੁਰੂ ਸਾਹਿਬ ਦੀ ਆਭਾ ਅਤੇ ਸੰਗਤ ਦੀ ਭਾਵਨਾ ਵੇਖ ਕੇ ਜਹਾਂਗੀਰ ਨੂੰ ਸਮਝ ਪੈ ਗਈ ਕਿ ਇਸ ਲਹਿਰ ਨੂੰ ਬਹੁਤੀ ਦੇਰ ਨਹੀਂ ਦਬਾਇਆ ਜਾ ਸਕਦਾ। ਉਸ ਨੇ ਗੁਰੂ ਜੀ ਨਾਲ ਸੁਲ੍ਹਾ ਕਰਨੀ ਹੀ ਠੀਕ ਸਮਝੀ ਤੇ ਗੁਰੂ ਜੀ ਦੀ ਰਿਹਾਈ ਦੇ ਹੁਕਮ ਭੇਜੇ, ਪਰ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਇਕੱਲਿਆਂ ਕਿਲ੍ਹੇ ਵਿੱਚੋਂ ਰਿਹਾਅ ਹੋ ਕੇ ਬਾਹਰ ਆਉਣਾ ਸਵੀਕਾਰ ਨਾ ਕੀਤਾ ਅਤੇ ਉੱਥੇ ਬੰਦੀ ਬਣਾਏ ਰਾਜਪੂਤ ਰਾਜਿਆਂ ਆਦਿ ਦੀ ਰਿਹਾਈ ਦੀ ਹਕੂਮਤ ਨਾਲ ਗੱਲਬਾਤ ਵੀ ਤੋਰੀ ਅਤੇ ਗੁਰੂ ਸਾਹਿਬ ਜੀ ਦੀ ਸੂਝਬੂਝ ਸਦਕਾ ਕੈਦੀ ਰਾਜਿਆਂ ਨੂੰ ਵੀ ਬੰਦੀਖਾਨੇ ਤੋਂ ਮੁਕਤੀ ਮਿਲੀ। ਸਿੱਖ ਪਰੰਪਰਾਵਾਂ ਅਨੁਸਾਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਬਵੰਜਾ ਕਲੀਆਂ ਵਾਲਾ ਇੱਕ ਖ਼ਾਸ ਚੋਲਾ ਪਹਿਨਿਆ ਸੀ ਅਤੇ ਉਨ੍ਹਾਂ ਬਵੰਜਾ ਰਾਜਪੂਤ ਰਾਜਿਆਂ ਨੇ ਗੁਰੂ ਜੀ ਦਾ ਲੜ ਫੜਕੇ ਗਵਾਲੀਅਰ ਦੇ ਕਿਲ੍ਹੇ ਦੀ ਕੈਦ ਤੋਂ ਛੁਟਕਾਰਾ ਹਾਸਲ ਕੀਤਾ ਸੀ। ਇਸ ਤਰ੍ਹਾਂ ਇਸ ਦਿਨ ਤੋਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ 'ਬੰਦੀ-ਛੋੜ' ਦਾਤਾ ਦੇ ਨਾਮ ਨਾਲ ਜਾਣਿਆ ਜਾਣ ਲੱਗਾ। ਬੰਦੀ ਛੋੜ ਦਿਵਸ 'ਤੇ ਹਰ ਸਾਲ ਸਿੱਖ ਅੰਮ੍ਰਿਤਸਰ ਵਿੱਚ ਇਕੱਠੇ ਹੋ ਕੇ ਆਪਣੇ ਜੀਵਨ ਨੂੰ ਗੁਰਮਤਿ ਦੀਆਂ ਸੇਧਾਂ ਵਿੱਚ ਤੋਰਨ ਲਈ ਇਨ੍ਹਾਂ ਚਾਨਣ ਮੁਨਾਰਿਆਂ ਦੀ ਸਹਾਇਤਾ ਲੈਣ ਦੇ ਯਤਨ ਕਰਦੇ ਹਨ। ਅੱਜ ਵੀ ਖ਼ਾਲਸਾ ਪੰਥ ਬੰਦੀ ਛੋੜ ਦਿਵਸ (ਦੀਵਾਲੀ) ਦੇ ਮੌਕੇ ਅੰਮ੍ਰਿਤਸਰ ਵਿੱਚ ਭਾਰੀ ਗਿਣਤੀ ਵਿੱਚ ਇਕੱਠਾ ਹੁੰਦਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਕੌਮ ਦੇ ਨਾਂ ਸੰਦੇਸ਼ ਦਿੰਦੇ ਹਨ। ਮੰਤਵ ਇਹ ਹੈ ਕਿ ਸਿੱਖ ਕੌਮ ਆਪਣੇ ਇਤਿਹਾਸ ਨਾਲ ਜੁੜ ਕੇ ਭਵਿੱਖ ਦੀਆਂ ਤਰਜੀਹਾਂ ਨਿਰਧਾਰਤ ਕਰੇ। ਸੋ ਬੰਦੀ ਛੋੜ ਦਿਵਸ (ਦੀਵਾਲੀ) ਦੇ ਮੌਕੇ 'ਤੇ ਜਿੱਥੇ ਸਿੱਖ ਨੇ ਹੱਕ ਸੱਚ, ਸੰਤੋਖ ਤੇ ਸਬਰ ਦੀ ਜਿੱਤ ਦੇ ਵਿਸ਼ਵਾਸ ਨੂੰ ਦ੍ਰਿੜ ਕਰਨਾ ਹੈ, ਉੱਥੇ ਸਿੱਖੀ ਸਿਖਰ ਦੀ ਪਰਿਪੱਕਤਾ ਨੂੰ ਰੋਮ ਰੋਮ ਵਿੱਚ ਵਸਾਉਣਾ ਹੈ।

—ਸੁਰਿੰਦਰ ਸਿੰਘ



**ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਇਕੱਲਿਆਂ ਕਿਲ੍ਹੇ ਵਿੱਚੋਂ ਰਿਹਾਅ ਹੋ ਕੇ ਬਾਹਰ ਆਉਣਾ ਸਵੀਕਾਰ ਨਾ ਕੀਤਾ ਅਤੇ ਉੱਥੇ ਬੰਦੀ ਬਣਾਏ ਰਾਜਪੂਤ ਰਾਜਿਆਂ ਆਦਿ ਦੀ ਰਿਹਾਈ ਦੀ ਹਕੂਮਤ ਨਾਲ ਗੱਲਬਾਤ ਵੀ ਤੋਰੀ ਅਤੇ ਗੁਰੂ ਸਾਹਿਬ ਜੀ ਦੀ ਸੂਝਬੂਝ ਸਦਕਾ ਕੈਦੀ ਰਾਜਿਆਂ ਨੂੰ ਵੀ ਬੰਦੀਖਾਨੇ ਤੋਂ ਮੁਕਤੀ ਮਿਲੀ। ਸਿੱਖ ਪਰੰਪਰਾਵਾਂ ਅਨੁਸਾਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਬਵੰਜਾ ਕਲੀਆਂ ਵਾਲਾ ਇੱਕ ਖ਼ਾਸ ਚੋਲਾ ਪਹਿਨਿਆ ਸੀ ਅਤੇ ਉਨ੍ਹਾਂ ਬਵੰਜਾ ਰਾਜਪੂਤ ਰਾਜਿਆਂ ਨੇ ਗੁਰੂ ਜੀ ਦਾ ਲੜ ਫੜਕੇ ਗਵਾਲੀਅਰ ਦੇ ਕਿਲ੍ਹੇ ਦੀ ਕੈਦ ਤੋਂ ਛੁਟਕਾਰਾ ਹਾਸਲ ਕੀਤਾ ਸੀ। ਇਸ ਤਰ੍ਹਾਂ ਇਸ ਦਿਨ ਤੋਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ 'ਬੰਦੀ-ਛੋੜ' ਦਾਤਾ ਦੇ ਨਾਮ ਨਾਲ ਜਾਣਿਆ ਜਾਣ ਲੱਗਾ।**


# ਓਸ਼ਨ ਵਿਊ ਫਿਸ਼ ਕੈਨਰੀ

## OCEAN VIEW FISH CANNERY

**ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।**

- ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
- ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।



**604-594-0616**

# ਤ੍ਰੈਲੋਕੀ ਵਿਚ ਵਿਚਰਣ ਵਾਲੇ ਬਾਬਾ ਵਿਸ਼ਵਕਰਮਾ ਜੀ

**ਨਰਿੰਦਰ ਸਿੰਘ ਬਾਂਸਲ**

ਬਾਬਾ ਵਿਸ਼ਵਕਰਮਾ ਦੀ ਮਹਿਮਾ ਅਪਰੰਪਾਰ, ਅਦਭੁਤ ਹੈ ਅਤੇ ਲਾਸਾਨੀ ਹੈ। ਇਸ ਵਿੱਚ ਕਿਤੇ ਵੀ ਕੋਈ ਕਰਾਮਾਤੀ ਰੰਗਤ ਨਹੀਂ ਹੈ, ਸਗੋਂ ਸੱਚੀ-ਸੁੱਚੀ ਕਿਰਤ, ਸਾਧਨਾ ਅਤੇ ਸਮੂਹ ਮਾਨਵਤਾ ਲਈ ਵਿਹਾਰਕ ਕਾਰ-ਵਿਹਾਰ ਦਾ ਅਮਲ ਓਤਪੋਤ ਹੈ। ਉਨ੍ਹਾਂ ਨੂੰ ਵਿਸ਼ਵ



ਪੱਧਰ ਦੀਆਂ ਕੋਮਲ ਕਲਾਵਾਂ ਅਤੇ ਹੋਰ ਕੁੱਲੀ, ਜੁੱਲੀ ਅਤੇ ਗੁੱਲੀ ਨਾਲ ਸਬੰਧਤ ਮਹੱਤਵਪੂਰਨ ਕਾਢਾਂ-ਕੱਢਣ ਅਤੇ ਇਨ੍ਹਾਂ ਨੂੰ ਮਾਨਵਤਾ 'ਚ ਪ੍ਰਚੱਲਿਤ ਕਰਨ ਦੇ ਬਾਨੀ ਵਜੋਂ ਜਾਣਿਆ ਜਾਂਦਾ ਹੈ ਅਤੇ ਸਾਂਝੇ ਰੂਪ 'ਚ ਭਗਵਾਨ ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ ਦੇ ਸਮਾਨ ਮੰਨਿਆ, ਪੂਜਿਆ ਅਤੇ ਸਤਿਕਾਰਿਆ ਜਾਂਦਾ ਹੈ। ਹਿੰਦੂ ਧਰਮ ਦੇ ਬਹੁਤ ਸਾਰੇ ਗ੍ਰੰਥਾਂ, ਸਿਮਰਤੀਆਂ, ਸਕੰਦਾਂ, ਪੁਰਾਣਾਂ ਆਦਿ 'ਚ ਬਾਬਾ ਵਿਸ਼ਵਕਰਮਾ ਦਾ ਉਲੇਖ ਉਪਲੱਬਧ ਹੈ। ਦੁਨੀਆਂ ਦੇ ਹੋਰ ਧਰਮ ਗ੍ਰੰਥਾਂ ਜਾਂ ਇਤਿਹਾਸ-ਮਿਥਿਹਾਸ ਵਿੱਚ ਵੀ ਉਨ੍ਹਾਂ ਦੇ ਯੋਗਦਾਨ ਦਾ ਸਲਾਹੁਣਯੋਗ ਵਰਣਨ ਹੈ। ਰਾਮਾਇਣ ਅਤੇ ਮਹਾਂਭਾਰਤ ਦੇ ਕਾਲ ਖੰਡਾਂ 'ਚ ਭਵਨ ਨਿਰਮਾਣ ਅਤੇ ਆਵਾਜਾਈ ਦੇ ਸਾਧਨਾਂ ਦੇ ਨਿਰਮਾਣ ਆਦਿ ਸਬੰਧੀ ਅਨੇਕਾਂ ਪ੍ਰਮਾਣ ਮਿਲਦੇ ਹਨ। ਉਨ੍ਹਾਂ ਨੇ ਹਰ ਔਜ਼ਾਰ, ਸੰਦ, ਮਸ਼ੀਨਰੀ ਆਦਿ ਜਿਸ ਦੀ ਮਨੁੱਖ ਨੂੰ ਲੋੜ ਸੀ, ਦੀ ਕੀਤੀ। ਬਾਬਾ ਵਿਸ਼ਵਕਰਮਾ ਦੇ ਜੀਵਨ ਕਾਲ ਸਬੰਧਤ ਭਾਵੇਂ ਬਹੁਤ ਸਾਰੇ ਇਤਿਹਾਸਕ ਤੱਥ ਅਜੇ ਖੋਜੀਆਂ ਦੁਆਰਾ ਲੱਭਣੇ ਬਾਕੀ ਹਨ ਪਰ ਮਿਥਿਹਾਸ ਅਤੇ ਉੱਪਰ ਦੱਸੇ ਧਰਮ ਗ੍ਰੰਥਾਂ ਵਿੱਚੋਂ ਬੜੇ ਪੁਖ਼ਤਾ ਹਵਾਲੇ ਮਿਲਦੇ ਹਨ, ਜਿਨ੍ਹਾਂ ਦੇ ਆਧਾਰ 'ਤੇ ਕਿਹਾ ਜਾ ਸਕਦਾ ਹੈ ਕਿ ਉਹ ਤ੍ਰੈਲੋਕੀ ਵਿੱਚ ਵਿਚਰਨ ਵਾਲੇ ਉੱਤਮ ਨਿਰਮਾਣਕਾਰੀ ਸਿਰਜਕ ਸਨ, ਜਿਨ੍ਹਾਂ ਨੇ ਸੂਈ ਤੋਂ ਲੈ ਕੇ ਜਹਾਜ਼ ਤਕ ਸਭ ਉਪਕਰਨ ਈਜ਼ਾਦ ਕੀਤੇ। ਜਿਥੋਂ ਤਕ ਉਨ੍ਹਾਂ ਦੇ ਘਰ, ਪਰਿਵਾਰ ਅਤੇ ਗ੍ਰਹਿਸਥ ਦਾ ਸਬੰਧ ਹੈ ਤਾਂ ਕਿਹਾ ਜਾਂਦਾ ਹੈ ਕਿ ਉਹ ਪ੍ਰਜਾਪਤੀ ਦੇ ਅੱਠਵੇਂ ਪੁੱਤਰ ਪ੍ਰਭਾਸ਼ਾ ਰਿਸ਼ੀ ਦੇ ਪੁੱਤਰ ਸਨ। ਉਨ੍ਹਾਂ ਦੀ ਮਾਤਾ ਦਾ ਨਾਂ ਯੋਗਾ ਸਿਧਾ ਸੀ। ਉਨ੍ਹਾਂ ਦੇ ਘਰ ਪੰਜ ਪੁੱਤਰਾਂ ਮਯ, ਵਵਸਟਾ, ਸ਼ਿਲਪੀ, ਵਿਸ਼ਵਰਾਯ (ਦੇਵਗਯਾ) ਪੈਦਾ ਹੋਏ, ਜਿਨ੍ਹਾਂ ਨੇ ਅੱਗੋਂ ਲੁਹਾਰ, ਤਰਖਾਣ, ਘੁਮਿਆਰ, ਸੁਨਿਆਰ, ਠਠਿਆਰ ਅਤੇ ਹੋਰ ਕੰਮ ਧੰਦੇ ਚਲਾਏ। ਦੋ ਪੁੱਤਰੀਆਂ, ਜਿਨ੍ਹਾਂ ਦੇ ਨਾਂ ਸੰਗਿਆ ਅਤੇ ਬ੍ਰਹਿਸਾਮਤੀ ਸਨ, ਦੀ ਸੰਤਾਨ ਨੇ ਵੀ ਬਹੁਤ ਸਾਰੇ ਕੰਮ ਧੰਦੇ ਸਿਰਜੇ ਅਤੇ ਮਾਨਵਤਾ ਦਾ ਰਾਹ ਰੁਸ਼ਨਾਇਆ। ਅੱਜ ਵੀ ਦੀਵਾਲੀ ਤੋਂ ਇੱਕ ਦਿਨ ਮਗਰੋਂ ਹਰ ਵਰਗ ਦੇ ਲੋਕ ਉਨ੍ਹਾਂ ਨੂੰ ਯਾਦ ਕਰਦੇ ਹਨ ਅਤੇ ਸਭ ਪ੍ਰਕਾਰ ਦੇ ਸੰਦਾਂ ਦੀ ਪੂਜਾ ਕਰਦੇ ਹਨ। ਉਨ੍ਹਾਂ ਦਾ ਵੰਸ਼, ਜਦੋਂ ਤੋਂ ਮਨੁੱਖ ਨੇ ਜੰਗਲੀ ਅਵਸਥਾ ਤੋਂ ਸੱਭਿਅਕ ਬਣਨ ਵੱਲ ਦਾ ਸਫ਼ਰ ਸ਼ੁਰੂ ਕੀਤਾ, ਉਦੋਂ ਤੋਂ ਹੀ ਪੀੜ੍ਹੀ-ਦਰ-ਪੀੜ੍ਹੀ ਹਰ ਖੇਤਰ 'ਚ ਉੱਚ ਉਪਾਧੀਆਂ ਵੀ ਪ੍ਰਾਪਤ ਕਰ ਰਿਹਾ ਹੈ ਅਤੇ ਨਵੇਂ ਤੋਂ ਨਵੇਂ ਆਵਿਸ਼ਕਾਰ ਵੀ ਸਿਰਜ ਤੇ ਖੋਜ ਰਿਹਾ ਹੈ। ਦੇਵਤੇ, ਵਿਸ਼ਵਕਰਮਾ ਜੀ ਨੂੰ ਪ੍ਰੋਹਿਤ ਮੰਨਦੇ ਸਨ। ਬ੍ਰਹਮਾ ਜੀ ਨੂੰ ਉਨ੍ਹਾਂ ਨੇ ਬ੍ਰਹਮਪੁਰੀ ਤੇ ਵਿਸ਼ਨੂੰ ਨੂੰ ਬੈਕੁੰਠ ਬਣਾ ਕੇ ਦਿੱਤਾ ਸੀ। ਉਨ੍ਹਾਂ ਨੇ ਸੋਨੇ ਦੀ ਲੰਕਾ ਦਾ ਨਿਰਮਾਣ ਤੇ ਦੁਆਰਕਾਪੁਰੀ, ਹਸਤਨਾਪੁਰ ਅਤੇ ਇੰਦਰਪ੍ਰਸਥ ਦੀ ਸਿਰਜਣਾ ਵੀ ਕੀਤੀ ਸੀ। ਭਵਨ ਨਿਰਮਾਣਕਾਰੀ ਵਿੱਚ ਉਹ ਇੰਨੇ ਨਿਪੁੰਨ ਸਨ ਕਿ ਝੂਲਦੇ ਮਹੱਲ, ਬਹੁ-ਸ਼ਕਲਾਂ ਜਾਂ ਮਾਡਲਾਂ ਦੇ ਮਹਿਲ ਅਤੇ ਸ਼ਹਿਰਾਂ ਦੀ ਸਿਰਜਣਾ ਕਰਨੀ ਉਨ੍ਹਾਂ ਲਈ ਆਸਾਨ ਕੰਮ ਸੀ।



# 'ਦਾਲ ਰੋਟੀ ਘਰ ਦੀ, ਦੀਵਾਲੀ ਅੰਮ੍ਰਿਤਸਰ ਦੀ'

ਦੀਵਾਲੀ ਜਾਂ ਦੀਪਾਵਲੀ ਰੋਸ਼ਨੀਆਂ ਦਾ ਤਿਉਹਾਰ ਹੈ। ਉੱਤਰੀ ਭਾਰਤ ਵਿੱਚ ਇਹ ਕੱਤਕ ਦੇ ਮਹੀਨੇ ਮੱਸਿਆ ਦੀ ਕਾਲੀ ਰਾਤ ਨੂੰ ਮਨਾਇਆ ਜਾਂਦਾ ਹੈ। ਪਤਾ ਨਹੀਂ ਕਿੰਨੇ ਲੱਖਾਂ-ਕਰੋੜਾਂ ਦੇ ਖਰਚੇ ਨਾਲ ਇਸ ਰਾਤ ਨੂੰ ਦੀਵੇ-ਮੋਮਬੱਤੀਆਂ ਨਾਲ ਰੁਸ਼ਨਾਇਆ ਜਾਂਦਾ ਹੈ। ਗੁਰਦੁਆਰੇ, ਮੰਦਿਰ, ਸਮਾਧਾਂ ਆਦਿ 'ਤੇ ਦੀਵੇ ਜਗਾਏ ਜਾਂਦੇ ਹਨ। ਘਰਾਂ, ਦੁਕਾਨਾਂ ਅਤੇ ਵਪਾਰਕ ਅਦਾਰਿਆਂ ਦੀ ਸਫ਼ਾਈ ਅਤੇ ਸਜਾਵਟ ਤੋਂ ਬਾਅਦ ਵਿਸ਼ੇਸ਼ ਰੂਪ ਵਿੱਚ ਰੋਸ਼ਨੀਆਂ ਕੀਤੀਆਂ ਜਾਂਦੀਆਂ ਹਨ। ਲੇਖੇ-ਪੱਤੇ ਦੀਆਂ ਵਹੀਆਂ ਦਾ ਪੁਨਰ-ਆਰੰਭ ਕੀਤਾ ਜਾਂਦਾ ਹੈ। ਮਠਿਆਈਆਂ ਦੀ ਭਰਮਾਰ ਹੁੰਦੀ ਹੈ। ਬੱਚਿਆਂ ਵਾਸਤੇ ਆਤਿਸ਼ਬਾਜ਼ੀ ਵਿਸ਼ੇਸ਼ ਖਿੱਚ ਦਾ ਕੇਂਦਰ ਹੁੰਦੀ ਹੈ। ਇਸੇ ਤਰ੍ਹਾਂ ਅੰਮ੍ਰਿਤਸਰ ਦੀ ਦੀਵਾਲੀ ਬਾਰੇ ਕਹਾਵਤ ਹੈ ਕਿ 'ਦਾਲ ਰੋਟੀ ਘਰ ਦੀ, ਦੀਵਾਲੀ ਅੰਮ੍ਰਿਤਸਰ ਦੀ'। 'ਦੀਵਾਲੀ ਅੰਮ੍ਰਿਤਸਰ ਦੀ' ਦੀ ਮਹਾਨਤਾ ਨੂੰ ਸਮਝਣ ਲਈ ਸਾਨੂੰ ਇਨ੍ਹਾਂ ਸ਼ਬਦਾਂ ਦੇ ਅੰਤਰੀਵ ਭਾਵ ਨੂੰ ਸਮਝਣਾ ਹੋਵੇਗਾ। ਦੀਵਾਲੀ ਰੋਸ਼ਨੀਆਂ ਦਾ ਤਿਓਹਾਰ ਹੈ। ਅਸੀਂ ਰੋਸ਼ਨੀਆਂ ਕਰਦੇ ਹਾਂ, ਹਨੇਰਾ ਦੂਰ ਭਜਾਉਣ ਲਈ। ਹਨੇਰਾ ਸਾਡੀ ਅਗਿਆਨਤਾ ਦਾ ਪ੍ਰਤੀਕ ਹੈ। ਬੇਸ਼ੱਕ ਰਾਤ ਦਾ ਹਨੇਰਾ ਅਸੀਂ ਸੂਰਜ ਦੇ ਲੋਪ ਹੋਣ ਨਾਲ ਜੋੜਦੇ ਹਾਂ ਜਦੋਂਕਿ ਸੂਰਜ ਤਾਂ ਕਦੇ ਲੋਪ ਹੁੰਦਾ ਹੀ ਨਹੀਂ। ਇਹ ਤਾਂ ਧਰਤੀ ਘੁੰਮਦੀ ਹੈ ਅਤੇ ਜੋ ਪਾਸਾ ਸੂਰਜ ਦੇ ਸਾਹਮਣੇ ਆ ਜਾਂਦਾ ਹੈ ਉੱਥੇ ਚਾਨਣ ਹੋ ਜਾਂਦਾ ਹੈ ਪਰ ਹਨੇਰੇ ਅਤੇ ਚਾਨਣ ਦੇ ਭਾਵ-ਪੂਰਤ ਪੱਖ ਮੁਤਾਬਕ ਅੰਮ੍ਰਿਤਸਰ ਅਤੇ ਵਿਸ਼ੇਸ਼ ਕਰਕੇ ਹਰਿਮੰਦਰ ਸਾਹਿਬ ਉਹ ਅਧਿਆਤਮਕ ਚਾਨਣ-ਮੁਨਾਰਾ ਹੈ ਜਿਸ ਦੀ ਸੁਹਿਰਦਤਾ ਸਹਿਤ ਅਗਵਾਈ ਲੈਣ ਨਾਲ ਮਨੁੱਖਤਾ ਦੁੱਖ-ਤਕਲੀਫ਼ਾਂ ਤੋਂ ਮੁਕਤ ਹੋ ਸਕਦੀ ਹੈ। ਇਸ ਰੋਸ਼ਨੀ ਨਾਲ ਹੀ 'ਅਗਿਆਨੁ ਅੰਧੇਰਾ ਕਟਿਆ' ਜਾਂਦਾ ਹੈ। ਅੰਮ੍ਰਿਤਸਰ ਦੀ ਦੀਵਾਲੀ ਦਾ ਅਸਲ ਅਰਥ ਸਮਝ ਕੇ ਇਨਸਾਨ ਦੇ ਆਪਣੇ ਸਹੇੜੇ ਦੁੱਖ-ਦਰਦ, ਵੈਰ-ਵਿਰੋਧ, ਲੜਾਈ-ਝਗੜੇ ਆਦਿ ਖ਼ਤਮ ਹੋ ਸਕਦੇ ਹਨ। ਸਰੀਰਕ ਸਵੱਛਤਾ ਵਾਸਤੇ ਅੰਮ੍ਰਿਤ ਸਰੋਵਰ ਦਾ ਇਸ਼ਨਾਨ ਹੈ। ਇੱਥੇ ਮਾਨਸਿਕ ਤ੍ਰਿਪਤੀ ਲਈ ਰੂਹਾਨੀ ਬਾਣੀ ਦਾ ਪ੍ਰਵਾਹ ਹਰ ਵੇਲੇ ਸੁਣਾਈ ਦਿੰਦਾ ਹੈ। ਮਨੁੱਖਤਾ ਦੀ ਅਤਿ ਲੋੜੀਂਦੀ ਸਰੀਰਕ ਜ਼ਰੂਰਤ ਦੀ ਪੂਰਤੀ ਵਾਸਤੇ ਗੁਰੂ ਰਾਮਦਾਸ ਸਾਹਿਬ ਦਾ ਅਤੁੱਟ ਲੰਗਰ ਹੈ। ਇਸ ਸਾਰੇ ਵਾਤਾਵਰਨ ਵਿੱਚ 'ਘਟਿ ਘਟਿ ਏਕੋ ਵਰਤਦਾ ਸਬਦਿ ਕਰੇ ਪਰਗਾਸ' ਦੇ ਪਾਸਾਰ ਦਾ ਨਜ਼ਾਰਾ ਪ੍ਰਤੱਖ ਦਿਖਦਾ-ਸੁਣਦਾ ਹੈ। ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿੱਚ ਸਰੋਵਰ ਕਿਨਾਰੇ ਬੈਠ ਕੇ ਦੀਵਾਲੀ ਸਮੇਂ ਸਾਰਾ ਆਲਾ-ਦੁਆਲਾ ਜਗਮਗਾਉਂਦਾ ਦਿਸਦਾ ਹੈ। ਗੁਰਬਾਣੀ ਕੀਰਤਨ ਇਸ ਵਾਤਾਵਰਨ ਨੂੰ ਇਲਾਹੀ ਸੰਗੀਤ ਨਾਲ ਸਰਸ਼ਾਰ ਕਰਦਾ ਹੈ। ਸਰੋਵਰ ਦੇ ਦੁਆਲੇ ਬੈਠੀਆਂ ਸੰਗਤਾਂ ਇਸ ਅਦੁੱਤੀ ਨਜ਼ਾਰੇ ਦਾ ਅਨੰਦ ਮਾਣਦੀਆਂ ਹਨ। ਦਰਸ਼ਨੀ ਡਿਓੜੀ ਅਤੇ ਹੋਰ ਇਮਾਰਤਾਂ ਉਪਰੋਂ ਵੱਖ ਵੱਖ ਰੂਪਾਂ ਵਿੱਚ ਆਤਿਸ਼ਬਾਜ਼ੀ ਵੇਖਣ ਨੂੰ ਮਿਲਦੀ ਹੈ। ਪੁਰ-ਤੇਜ਼ ਗਤੀ ਨਾਲ ਉਪਰ ਜਾਂਦੀਆਂ ਹਵਾਈਆਂ ਆਕਾਸ਼ ਦੀ ਉਚਾਈ ਮਾਪਦੀਆਂ ਜਾਪਦੀਆਂ ਹਨ। ਫਿਰ ਵੱਖ-ਵੱਖ ਰੰਗ ਬਿਖੇਰਦੀਆਂ ਮਾਨੋ ਇਸ ਸੱਚ-ਖੰਡ ਉਪਰ ਸ਼ਰਧਾ ਰੂਪੀ ਰੋਸ਼ਨੀ ਦੇ ਫੁੱਲ ਬਰਸਾਉਂਦੀਆਂ ਹਨ। ਇਸ ਅਦੁੱਤੀ ਨਜ਼ਾਰੇ ਨੂੰ ਸ਼ਰਧਾਲੂ ਫ਼ਿਲਮਾਂ ਬਣਾ ਕੇ ਚਿਰਕਾਲ ਆਨੰਦ ਦੇ ਸਾਧਨ ਵਜੋਂ ਸੰਭਾਲਦੇ ਹਨ। ਦੀਵਾਲੀ ਮੇਲੇ ਦੇ ਬਹਾਨੇ ਅੰਮ੍ਰਿਤਸਰ ਦੀ ਚਹਿਲ-ਪਹਿਲ ਦਾ ਆਪਣਾ ਹੀ ਨਜ਼ਾਰਾ ਹੈ। ਲੋਕਾਂ ਦੇ ਇਕੱਠ ਨੂੰ ਦੇਖਦਿਆਂ ਕਈ ਵਿਸ਼ੇਸ਼ ਸਮਾਗਮ ਕਰਵਾਏ ਜਾਂਦੇ ਹਨ। ਕੌਮਾਂਤਰੀ ਨੁਮਾਇਸ਼ਾਂ ਲੱਗਦੀਆਂ ਹਨ। ਰਾਜ ਪੱਧਰ ਦੇ ਖੇਡ ਮੁਕਾਬਲੇ ਹੁੰਦੇ ਹਨ। ਵੱਖ-ਵੱਖ ਕਲਾਵਾਂ ਦਾ ਪ੍ਰਦਰਸ਼ਨ ਕੀਤਾ ਜਾਂਦਾ ਹੈ। ਕਿਸੇ ਵੇਲੇ ਅੰਮ੍ਰਿਤਸਰ ਵਿੱਚ ਦੀਵਾਲੀ ਮੌਕੇ ਮਹੀਨਾ ਭਰ ਮੱਝਾਂ, ਗਾਵਾਂ, ਊਠਾਂ, ਬਲਦਾਂ ਅਤੇ ਘੋੜਿਆਂ ਦੀ ਮੰਡੀ ਲੱਗਦੀ ਸੀ। ਅੱਜ-ਕੱਲ੍ਹ ਵੀ ਲੋਕ ਦੀਵਾਲੀ ਮੌਕੇ ਖਰੀਦਦਾਰੀ ਕਰਦੇ ਹਨ। ਕੰਪਨੀਆਂ ਵੱਲੋਂ ਵਿਸ਼ੇਸ਼ ਸਕੀਮਾਂ ਐਲਾਨ ਕੀਤਾ ਜਾਂਦਾ ਹੈ। ਲੋਕ ਦੂਰੋਂ-ਦੂਰੋਂ ਅੰਮ੍ਰਿਤਸਰ ਦੀ ਦੀਵਾਲੀ ਦੇਖਣ ਅਤੇ ਮਨੁੱਖਤਾ ਦੇ ਮਹਾਨ ਅਧਿਆਤਮਕ ਚਾਨਣ-ਮੁਨਾਰੇ ਦੀ ਰੌਸ਼ਨੀ ਲੈ ਕੇ ਆਪਣੇ ਸੰਸਾਰਕ ਜੀਵਨ ਦਾ ਰਸਤਾ ਜਗਮਗਾਉਣ ਲਈ ਆਉਂਦੇ ਹਨ। ਸਮੁੱਚੇ ਰੂਪ ਵਿੱਚ ਦੀਵਾਲੀ ਖ਼ੁਸ਼ੀਆਂ ਦਾ ਤਿਉਹਾਰ ਹੈ, ਜਦੋਂ ਮੌਸਮ ਵੀ ਬਦਲਦਾ ਹੈ ਅਤੇ ਲੋਕਾਂ ਵਿੱਚ ਵੀ ਬਦੀ ਦੇ ਹਨੇਰੇ ਵਿੱਚੋਂ ਨਿਕਲ ਕੇ ਚੰਗਿਆਈ ਦੇ ਚਾਨਣ ਦੀ ਲੋਅ ਵਿੱਚ 'ਚੜ੍ਹਦੀ ਕਲਾ' ਲਈ ਹੰਭਲਾ ਮਾਰਨ ਦਾ ਉਤਸ਼ਾਹ ਉਗਮਣ ਦੀ ਆਸ ਬੱਝਦੀ ਹੈ।


WE HAVE MOVED TO BIGGER & BETTER LOCATION
#208-7110-120TH ST, SURREY




ICBC
NO WIN NO FEE
WE DO HOME & HOSPITAL VISITS

Your Lawyers, Because We Care

- Criminal Law
- Divorce Cases
- Immigration Law
- Notary Services

Singh Thind and Associates
BARRISTERS & SOLICITORS

#208 7110 120TH ST,
SURREY, BC V3W 3M8
Tel: 604.543.3886
Toll Free 1.866.543.3886

WWW.SINGHTHINDLAW.COM

# ਮਨਿੰਦਰ ਗਿੱਲ ਵੱਲੋਂ ਕੈਨੇਡਾ ਵਿਚ ਸਿਖਸ ਫਾਰ ਜਸਟਿਸ 'ਤੇ ਪਾਬੰਦੀ ਲਗਾਉਣ ਦੀ ਮੰਗ-ਪ੍ਰਧਾਨ ਮੰਤਰੀ ਟਰੂਡੋ ਨੂੰ ਪੱਤਰ ਲਿਖਿਆ

ਸਰੀ ( ਬਲਦੇਵ ਸਿੰਘ ਭੰਮ)– ਸਥਾਨਕ ਰੇਡੀਓ ਇੰਡੀਆ ਦੇ ਮੈਨੇਜਿੰਗ ਡਾਇਰੈਕਟਰ ਮਨਿੰਦਰ ਸਿੰਘ ਗਿੱਲ ਨੇ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਪੱਤਰ ਲਿਖਕੇ ਕਿਸੇ ਖਾਸ ਧਿਰ ਦੀ ਬਜਾਏ ਪੂਰੇ ਪੰਜਾਬੀ ਸਿੱਖ ਭਾਈਚਾਰੇ ਦੇ ਹਿਤਾਂ ਵੱਲ ਧਿਆਨ ਦੇਣ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਇੱਕ ਮੀਡੀਆ ਸ਼ਖਸੀਅਤ ਹੋਣ ਦੇ ਨਾਤੇ ਕੈਨੇਡਾ ਵਿੱਚ ਇੰਡੋ-ਕੈਨੇਡੀਅਨ ਭਾਈਚਾਰੇ ਨੂੰ ਦਰਪੇਸ਼ ਸੁਰੱਖਿਆ ਚਿੰਤਾਵਾਂ ਨੂੰ ਸਰਕਾਰ ਦੇ ਧਿਆਨ ਵਿਚ ਲਿਆਉਣਾ ਉਸਦੀ ਜਿੰਮੇਵਾਰੀ ਬਣਦੀ ਹੈ। ਗਿੱਲ ਨੇ ਕਿਹਾ ਕਿ ਕੈਨੇਡਾ ਵਿੱਚ ਇੰਡੋ-ਕੈਨੇਡੀਅਨ ਭਾਈਚਾਰੇ ਵਿਰੁੱਧ ਨਫ਼ਰਤੀ ਫੈਲਾਉਣ ਕਾਰਵਾਈਆਂ ਚਿੰਤਾਜਨਕ ਹਨ। ਉਨ੍ਹਾਂ ਕਿਹਾ ਕਿ ਸਰੀ ਵਿੱਚ ਭਾਰਤੀ ਹਾਈ ਕਮਿਸ਼ਨਰ ਸੰਜੇ ਕੁਮਾਰ ਵਰਮਾ ਦੇ ਸਨਮਾਨ ਵਿੱਚ ਰੱਖੇ ਸਮਾਗਮ ਦੌਰਾਨ ਮੈਨੂੰ ਖੁਦ ਜਿਸਮਾਨੀ ਹਮਲੇ ਅਤੇ ਜਾਨਲੇਵਾ ਧਮਕੀਆਂ ਦਾ ਸਾਹਮਣਾ ਕਰਨਾ ਪਿਆ ਹੈ ਪਰ ਕਨੂੰਨ ਦੇ ਰਾਜ ਵਾਲੇ ਦੇਸ਼ ਵਿੱਚ ਅਜੇ ਤੱਕ ਉਸਨੂੰ ਕੋਈ ਇਨਸਾਫ਼ ਨਹੀਂ ਮਿਲਿਆ ਹੈ, ਜਦੋਂਕਿ ਇਹ ਹਮਲੇ 19 ਮਾਰਚ, 2023 ਨੂੰ ਪੁਲਿਸ ਅਧਿਕਾਰੀਆਂ ਦੀ ਮੌਜੂਦਗੀ ਵਿੱਚ ਹੋਏ ਸਨ। ਉਨ੍ਹਾਂ ਅੱਗੇ ਕਿਹਾ ਕਿ ਕੈਨੇਡਾ ਵਿਚ ਭਾਰਤੀ ਮੂਲ ਦੇ ਲੋਕਾਂ ਦੀ ਸੁਰੱਖਿਆ ਉਪਰ ਉਸ ਵੇਲੇ ਵੱਡੇ ਸਵਾਲ ਖੜੇ ਹੁੰਦੇ ਹਨ ਜਦੋਂ ਸਿੱਖਸ ਫਾਰ ਜਸਟਿਸ ਦਾ ਆਗੂ ਗੁਰਪਤਵੰਤ ਪੰਨੂ ਏਅਰ ਇੰਡੀਆ 'ਤੇ ਹਮਲਾ ਕਰਨ ਦੀ ਖੁੱਲ੍ਹੀ ਧਮਕੀ ਦੇ ਰਿਹਾ ਹੈ। ਪੰਨੂ ਨੇ ਸ਼ਰ੍ਹੇਆਮ ਸਿੱਖ ਭਾਈਚਾਰੇ ਨੂੰ ਚੇਤਾਵਨੀ ਦਿੱਤੀ ਹੈ ਕਿ ਉਹ ਏਅਰ



ਇੰਡੀਆ ਤੇ ਯਾਤਰਾ ਨਾ ਕਰਨ ਕਿਉਂਕਿ ਉਨ੍ਹਾਂ ਦੀ ਜਾਨ ਨੂੰ ਖ਼ਤਰਾ ਹੋ ਸਕਦਾ ਹੈ। ਇਹ ਅੱਤਵਾਦੀ ਧਮਕੀ ਗੁਰਪਤਵੰਤ ਪੰਨੂ ਦੁਆਰਾ ਹਿੰਦੂ ਭਾਈਚਾਰੇ ਨੂੰ ਦਿੱਤੀ ਗਈ ਧਮਕੀ ਤੋਂ ਬਾਅਦ ਦਿੱਤੀ ਗਈ ਹੈ, ਜਿੱਥੇ ਉਸਨੇ ਹਿੰਦੂ ਭਾਈਚਾਰੇ ਨੂੰ ਕੈਨੇਡਾ ਛੱਡਕੇ ਭਾਰਤ ਵਾਪਸ ਜਾਣ ਲਈ ਕਿਹਾ ਸੀ। ਉਨ੍ਹਾਂ ਕਿਹਾ ਕਿ ਇਹ ਦਹਿਸ਼ਤੀ ਧਮਕੀਆਂ ਏਅਰ ਇੰਡੀਆ ਉਪਰ ਅਤਿਵਾਦੀ ਹਮਲੇ ਦੇ ਪੀੜ੍ਹਤ ਪਰਿਵਾਰਾਂ ਨੂੰ ਹੋਰ ਮੁੜ ਡਰਾਉਣ ਵਾਲੀਆਂ ਹਨ, ਜਿੰਨਾ ਦੇ ਪਰਿਵਾਰਕ ਮੈਂਬਰ ਇਸ ਘਟਨਾ ਵਿਚ ਮਾਰੇ ਗਏ ਸਨ। ਗਿੱਲ ਨੇ ਕਿਹਾ ਕਿ ਪੰਨੂ ਦੀਆਂ ਤਾਜ਼ਾ ਧਮਕੀਆਂ ਉਨ੍ਹਾਂ ਪਰਿਵਾਰਾਂ ਦੇ ਜ਼ਖ਼ਮਾਂ 'ਤੇ ਲੂਣ ਛਿੜਕਣ ਦੇ ਬਰਾਬਰ ਹੈ ਜਿਨ੍ਹਾਂ ਨੂੰ ਅੱਜ ਤੱਕ ਇਨਸਾਫ਼ ਨਹੀਂ ਮਿਲਿਆ । ਉਨ੍ਹਾਂ ਕਿਹਾ ਕਿ ਭਾਰਤੀ ਭਾਈਚਾਰਾ ਇਸ ਗੱਲ ਤੋਂ ਦੁਖੀ ਹੈ ਕਿ ਗੁਰਪਤਵੰਤ ਪੰਨੂ ਵਰਗੇ ਲੋਕ ਕੈਨੇਡਾ ਵਿਚ ਕਾਨੂੰਨੀ ਛੋਟ ਦਾ ਆਨੰਦ ਕਿਉਂ ਮਾਣ ਰਹੇ ਹਨ, ਜਿੱਥੇ ਉਨ੍ਹਾਂ ਨੂੰ ਆਪਣੇ ਨਫ਼ਰਤ ਭਰੇ ਅਤੇ ਅੱਤਵਾਦੀ ਬਿਆਨਾਂ ਦਾ ਕੋਈ ਨਤੀਜਾ ਭੁਗਤਣ ਦਾ ਡਰ ਨਹੀਂ। ਸ੍ਰੀ ਗਿੱਲ ਨੇ ਪ੍ਰਧਾਨ ਮੰਤਰੀ ਨੂੰ ਲਿਖੇ ਇਕ ਪੱਤਰ ਵਿਚ ਮੰਗ ਕੀਤੀ ਕਿ ਕਨੂੰਨ ਦੇ ਰਾਜ ਵਾਲੇ ਕੈਨੇਡਾ ਵਿਚ ਜਿੱਥੇ ਸਿੱਖਸ ਫਾਰ ਜਸਟਿਸ 'ਤੇ ਅੱਤਵਾਦੀ ਸੰਗਠਨ ਵਜੋਂ ਪਾਬੰਦੀ ਲਗਾਈ ਜਾਵੇ, ਉਥੇ ਨਫਰਤ ਭਰੇ ਭਾਸ਼ਣ ਅਤੇ ਅੱਤਵਾਦੀ ਧਮਕੀਆਂ ਦੇ ਕੇ ਏਅਰ ਇੰਡੀਆ ਦੇ ਯਾਤਰੀਆਂ ਦੀ ਸੁਰੱਖਿਆ ਨੂੰ ਖ਼ਤਰੇ ਵਿਚ ਪਾਉਣ ਦੇ ਦੋਸ਼ ਅਧੀਨ ਗੁਰਪਤਵੰਤ ਪੰਨੂ 'ਤੇ ਮੁਕੱਦਮਾ ਚਲਾਇਆ ਜਾਵੇ ।

## ਪੰਜਾਬ ਦੀ ਧਰਤੀ 'ਤੇ ਪੰਜਾਬੀ ਬੋਲੀ ਨਾਲ ਹੋ ਰਹੇ ਵਿਤਕਰੇ ਖਿਲਾਫ਼ ਪੰਜਾਬੀ ਸਹਿਤ ਸਭਾ ਮੁਢਲੀ (ਰਜਿ) ਐਬਸਫੋਰਡ ਬੀਸੀ ਵੱਲੋਂ ਮਤਾ ਪਾਸ

ਸਰੀ-ਕੈਨੇਡਾ ਦੀ ਸਾਹਿਤਿਕ ਸੰਸਥਾ ਪੰਜਾਬੀ ਸਾਹਿਤ ਸਭਾ ਮੁਢਲੀ ਰਜਿਸਟਰਡ ਐਬਟਸਫੋਰਡ ਬੀਸੀ ਵੱਲੋਂ ਮਤਾ ਪਾਸ ਕੀਤਾ ਗਿਆ ਹੈ, ਜਿਸ ਵਿੱਚ ਪੰਜਾਬ ਦੀ ਧਰਤੀ 'ਤੇ ਪੰਜਾਬੀ ਬੋਲੀ ਨਾਲ ਹੋ ਰਹੇ ਵਿਤਕਰੇ ਦੀ ਪੁਰਜ਼ੋਰ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ ਹੈ। ਬੀਤੇ ਦਿਨੀ ਪੰਜਾਬ ਦੇ ਇੱਕ ਸਕੂਲ ਵਿੱਚ ਪੰਜਾਬੀ ਬੋਲਣ ਤੇ ਰੋਕਾਂ ਲਾਉਣ ਅਤੇ ਇਸ ਤੋਂ ਇਲਾਵਾ ਕੜਾ ਪਹਿਨਣ ਤੇ ਜੁਰਮਾਨਾ ਅਤੇ ਸਿੱਖ ਵਿਦਿਆਰਥੀ ਦੀ ਦਸਤਾਰ ਉਤਾਰਨ ਦੀਆਂ ਘਟਨਾਵਾਂ ਤੋਂ ਬਾਅਦ, ਉੱਠੇ ਲੋਕ ਰੋਹ ਦੀ ਪੰਜਾਬੀ ਸਾਹਿਤ ਸਭਾ ਮੁਢਲੀ ਨੇ ਹਮਾਇਤ ਕੀਤੀ ਹੈ। ਪੰਜਾਬੀ ਦੇ ਹੱਕ ਵਿੱਚ ਬੋਲਣ ਤੇ ਐਕਟਵਿਸਟ ਲੱਖਾ ਸਿੰਘ ਸਿਧਾਣਾ ਦੀ ਗ੍ਰਿਫਤਾਰੀ ਦੀ ਵੀ ਸਭਾ ਵੱਲੋਂ ਨਿੰਦਾ ਕੀਤੀ ਗਈ। ਪੰਜਾਬੀ ਸਾਹਿਤ ਸਭਾ ਮੁਢਲੀ ਨੇ ਕੈਨੇਡਾ ਸਮੇਤ ਦੁਨੀਆ ਭਰ 'ਚ ਵਸਦੇ ਪੰਜਾਬੀ ਸਾਹਿਤਕਾਰਾਂ, ਸਾਹਿਤ ਸੰਸਥਾਵਾਂ ਅਤੇ ਸਮੂਹ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਪੰਜਾਬ ਦੀ ਧਰਤੀ 'ਤੇ ਪੰਜਾਬੀ ਬੋਲੀ ਨਾਲ ਹੋ ਰਹੇ ਵਿਤਕਰੇ ਖਿਲਾਫ਼ ਇੱਕ ਮੁੱਠ ਹੋ ਕੇ ਆਵਾਜ਼ ਉਠਾਈ ਜਾਏ।

"ਸਾਂਝੀ ਧਰਤ ਪੰਜਾਬ ਦੀ, ਫ਼ਿਰਕੂ ਬਣੇ ਸਕੂਲ।
ਪੰਜਾਬੀ ਸੰਗ ਵਿਤਕਰਾ, ਕਿੱਥੇ ਗਏ ਅਸੂਲ ?
ਪੰਜਾਬੀ ਹੈ ਮਾਰਨੀ, ਵਰਤੇ ਸਭ ਹਥਿਆਰ।
ਬੋਲੀ ਮੇਰੀ ਖਾ ਗਈ, ਹੰਕਾਰੀ ਸਰਕਾਰ।
ਬੋਲੀ ਸਾਡਾ ਮਾਣ ਹੈ, ਬੋਲੀ ਲਵੋ ਸੰਭਾਲ।
ਜੋ ਬੋਲੀ ਨਹੀਂ ਸਾਂਭਦੇ, ਉਹ ਨੇ ਮਨੋਂ ਕੰਗਾਲ।"

## ਗਾਜ਼ਾ 'ਚ ਹਮਾਸ ਦਾ ਹਥਿਆਰ ਨਿਰਮਾਤਾ ਤੇ ਕਈ ਲੜਾਕੇ ਹਲਾਕ

ਗਾਜ਼ਾ/ਯੇਰੂਸ਼ਲਮ-ਗਾਜ਼ਾ ਪੱਟੀ 'ਚ ਹਮਾਸ ਦੀਆਂ ਸੁਰੰਗਾਂ ਦੇ ਨੈੱਟਵਰਕ ਨੂੰ ਨਿਸ਼ਾਨਾ ਬਣਾਉਂਦਿਆਂ ਇਜ਼ਰਾਈਲ ਨੇ ਹਮਾਸ ਦੇ ਸਿਖਰਲੇ ਹਥਿਆਰ ਨਿਰਮਾਤਾ ਮਾਹਸੀਨ ਅਬੂ ਜ਼ੀਨਾ ਅਤੇ ਕਈ ਲੜਾਕਿਆਂ ਨੂੰ ਮਾਰ ਮੁਕਾਇਆ ਹੈ। ਹਮਾਸ ਦੇ ਮਜ਼ਬੂਤ ਗੜ੍ਹ ਗਾਜ਼ਾ ਸਿਟੀ ਨੂੰ ਇਜ਼ਰਾਇਲੀ ਫ਼ੌਜ ਨੇ ਘੇਰਾ ਪਾਇਆ ਹੋਇਆ ਹੈ ਅਤੇ ਉਸ ਵੱਲੋਂ ਲਗਾਤਾਰ ਹਵਾਈ ਹਮਲੇ ਕੀਤੇ ਜਾ ਰਹੇ ਹਨ। ਇਜ਼ਰਾਈਲ ਨੇ ਕਿਹਾ ਕਿ ਉਨ੍ਹਾਂ ਦੀ ਪੈਦਲ ਸੈਨਾ ਅੱਗੇ ਵਧ ਰਹੀ ਹੈ ਜਦਕਿ ਹਮਾਸ ਨੇ ਕਿਹਾ ਕਿ ਉਨ੍ਹਾਂ ਇਜ਼ਰਾਇਲੀ ਫ਼ੌਜ ਨੂੰ ਭਾਰੀ ਨੁਕਸਾਨ ਪਹੁੰਚਾਇਆ ਹੈ। ਫਲਸਤੀਨੀ ਮੀਡੀਆ ਮੁਤਾਬਕ ਅਤਿਵਾਦੀਆਂ ਅਤੇ ਇਜ਼ਰਾਇਲੀ ਫ਼ੌਜ ਵਿਚਕਾਰ ਅਲ ਸ਼ਾਟੀ ਸ਼ਰਨਾਰਥੀ ਕੈਂਪ ਨੇੜੇ ਝੜਪਾਂ ਹੋਈਆਂ ਹਨ। ਇਜ਼ਰਾਇਲੀ ਬੰਬਾਰੀ 'ਚ ਹੁਣ ਤੱਕ 10 ਹਜ਼ਾਰ ਤੋਂ ਵੱਧ ਲੋਕ ਮਾਰੇ ਜਾ ਚੁੱਕੇ ਹਨ ਜਿਨ੍ਹਾਂ 'ਚੋਂ ਕਰੀਬ 40 ਫ਼ੀਸਦ ਬੱਚੇ ਹਨ। ਇਜ਼ਰਾਈਲ ਮੁਤਾਬਕ ਜੰਗ ਦੌਰਾਨ ਉਨ੍ਹਾਂ ਦੇ 32 ਜਵਾਨ ਮਾਰੇ ਗਏ ਹਨ। ਰੱਖਿਆ ਮੰਤਰੀ ਯੋਏਵ ਗੈਲੈਂਟ ਨੇ ਕਿਹਾ ਕਿ ਇਜ਼ਰਾਈਲ ਦਾ ਇਕੋ ਇਕ ਟੀਚਾ ਗਾਜ਼ਾ 'ਚ ਹਮਾਸ ਦੇ ਅਤਿਵਾਦੀ, ਉਨ੍ਹਾਂ ਦਾ ਬੁਨਿਆਦੀ ਢਾਂਚਾ, ਬੰਕਰ, ਅਤੇ ਸੰਚਾਰ ਸਾਧਨ ਨਸ਼ਟ ਕਰਨਾ ਹੈ। ਫ਼ੌਜ ਦੇ ਮੁੱਖ ਤਰਜਮਾਨ ਰੀਅਰ ਐਡਮਿਰਲ ਡੇਨੀਅਲ ਹਗਾਰੀ ਨੇ ਕਿਹਾ ਕਿ ਹਮਾਸ ਵੱਲੋਂ ਬਣਾਏ ਗਏ ਸੁਰੰਗਾਂ ਦੇ ਨੈੱਟਵਰਕ ਨੂੰ ਨਸ਼ਟ ਕਰਨ ਲਈ ਧਮਾਕਾਖੇਜ਼ ਵਿਰੋਧੀ ਉਪਕਰਣ ਵਰਤੇ ਜਾ ਰਹੇ ਹਨ। ਗਾਜ਼ਾ ਦੇ ਹੇਠਾਂ ਸੈਂਕੜੇ ਕਿਲੋਮੀਟਰ ਤੱਕ ਇਹ ਸੁਰੰਗਾਂ ਵਿਛੀਆਂ ਹੋਈਆਂ ਹਨ।

NAIYA GILL
PROFESSIONAL LAW CORPORATION
"Each Client Matters"



· Buying, Selling & Refinance of Real Estate (Residential & Commercial)
· Estate Planning
· Wills, Estates
· Representation Agreements
· Legal Aid · Immigration
· Commercial Lease
· Incorporation of Business
· Corporate Maintenance
· Buying or Selling a Business
· Family Law
· Sponsorship Letters
· Notary
· Power of Attorney

· ਪ੍ਰਾਪਰਟੀ ਖਰੀਦਣ, ਵੇਚਣ ਜਾਂ ਰਿਫਾਇਨਾਂਸ (ਰੈਜ਼ੀਡੈਂਸ਼ਿਅਲ ਅਤੇ ਕਮਰਸ਼ਿਅਲ)
· ਜਾਇਦਾਦ ਦੀ ਪਲੈਨਿੰਗ
· ਵਸੀਅਤ, ਜਾਇਦਾਦ
· ਰਿਪ੍ਰੈਜ਼ੰਨਟੇਸ਼ਨ ਸਮਝੌਤੇ
· ਕਾਨੂੰਨੀ ਸਹਾਇਤਾ
· ਇਮੀਗ੍ਰੇਸ਼ਨ · ਵਪਾਰਕ ਲੀਜ਼
· ਇਨਕਾਰਪੋਰਸ਼ਨ
· ਕਾਰਪੋਰੇਟ ਮੇਨਟੇਨੈਂਸ
· ਕੋਈ ਕਾਰੋਬਾਰ ਖਰੀਦਣਾ ਜਾਂ ਵੇਚਣਾ
· ਫੈਮਿਲੀ ਲਾਅ
· ਸਪਾਂਸਰਸ਼ਿਪ ਲੈਟਰਜ਼
· ਨੋਟਰੀ · ਪਾਵਰ ਆਫ ਅਟਾਰਨੀ

Appointments available in Surrey, White Rock & Abbotsford.
604.771.3089
info@ngplc.ca www.ngplc.ca

# ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਕੈਲੇਫੋਰਨੀਆ ਦੀ 23ਵੀਂ ਸਲਾਨਾ ਪੰਜਾਬੀ ਸਾਹਿਤਕ ਕਾਨਫਰੰਸ

## ਪੰਜਾਬੀ ਭਾਸ਼ਾ, ਕਵਿਤਾ, ਕਹਾਣੀ ਅਤੇ ਆਲੋਚਨਾ ਬਾਰੇ ਹੋਈ ਅਰਥ ਭਰਪੂਰ ਵਿਚਾਰ ਚਰਚਾ

ਹੇਵਰਡ, 8 ਨਵੰਬਰ (ਹਰਦਮ ਮਾਨ)-ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਕੈਲੇਫੋਰਨੀਆ ਵੱਲੋਂ ਹੇਵਰਡ ਵਿਖੇ ਕਰਵਾਈ ਗਈ 23ਵੀਂ ਸਲਾਨਾ ਪੰਜਾਬੀ ਸਾਹਿਤਕ ਕਾਨਫਰੰਸ ਵਿਚ ਪੰਜਾਬੀ ਭਾਸ਼ਾ, ਕਵਿਤਾ, ਕਹਾਣੀ ਅਤੇ ਆਲੋਚਨਾ ਬਾਰੇ ਅਰਥ ਭਰਪੂਰ ਵਿਚਾਰ ਚਰਚਾ ਹੋਈ। ਸੰਵਾਦ ਦਾ ਪੱਧਰ ਬਹੁਤ ਵਧੀਆ ਪੱਧਰ ਸਿਰਜਦੀ ਹੋਈ ਇਹ ਕਾਨਫਰੰਸ ਅਮਰੀਕਾ ਦੇ ਸਾਹਿਤਕ ਹਲਕਿਆਂ ਵਿਚ ਆਪਣੀ ਅਹਿਮ ਛਾਪ ਛੱਡਣ ਵਿਚ ਬੇਹੱਦ ਸਫ਼ਲ ਰਹੀ। ਇਸ ਦੋ ਦਿਨਾਂ ਕਾਨਫਰੰਸ ਵਿਚ ਭਾਰਤ, ਕੈਨੇਡਾ, ਇੰਗਲੈਂਡ ਅਤੇ ਅਮਰੀਕਾ ਤੋਂ ਵੱਡੀ ਗਿਣਤੀ ਵਿਚ ਪੰਜਾਬੀ ਵਿਦਵਾਨ, ਸਾਹਿਤਕਾਰ ਅਤੇ ਪੰਜਾਬੀ-ਪ੍ਰੇਮੀ ਸ਼ਾਮਲ ਹੋਏ। ਕਾਨਫਰੰਸ ਦੇ ਸਵਾਗਤੀ ਸੈਸ਼ਨ ਵਿਚ ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਕੈਲੇਫੋਰਨੀਆ ਦੇ ਪ੍ਰਧਾਨ ਕੁਲਵਿੰਦਰ ਅਤੇ ਕੈਲੀਫੋਰਨੀਆ ਦੀ ਨਾਮਵਰ ਸ਼ਖ਼ਸੀਅਤ ਜਸਵੀਰ ਗਿੱਲ ਨੇ ਸਭ ਨੂੰ ਜੀ ਆਇਆਂ ਕਿਹਾ। ਇਸ ਸੈਸ਼ਨ ਦੀ ਪ੍ਰਧਾਨਗੀ ਕੁਲਵਿੰਦਰ, ਜਸਵੀਰ ਗਿੱਲ, ਲਾਲੀ ਧਨੋਆ, ਸੁਰਿੰਦਰ ਧਨੋਆ, ਐਸ਼ ਅਤੇ ਐਸ. ਅਸ਼ੋਕ ਭੌਰਾ ਨੇ ਕੀਤੀ। ਉਪਰੰਤ 'ਅਮਰੀਕੀ ਪੰਜਾਬੀ ਕਵਿਤਾ - ਸਮਕਾਲੀ ਸੰਦਰਭ ਵਿਚ' ਸੈਸ਼ਨ ਵਿਚ ਡਾ. ਆਤਮ ਰੰਧਾਵਾ ਨੇ ਆਪਣੇ ਪਰਚੇ ਰਾਹੀਂ ਕਵਿਤਾ ਕੀ ਹੈ, ਕੀ ਕਵਿਤਾ ਨਹੀਂ ਅਤੇ ਅਜੋਕੀ ਪੰਜਾਬੀ ਕਵਿਤਾ ਦੇ ਕਈ ਅਹਿਮ ਪਹਿਲੂਆਂ ਨੂੰ ਛੋਂਹਦਿਆਂ ਕਿਹਾ ਕਿ ਪ੍ਰਵਾਸੀ ਇਕੱਲਾ ਸਰੀਰਕ ਤੌਰ ਤੇ ਨਹੀਂ ਹੁੰਦਾ, ਜ਼ਿਹਨੀ ਤੌਰ ਤੇ ਵੀ ਪ੍ਰਵਾਸੀ ਹੁੰਦਾ ਹੈ। ਪ੍ਰਵਾਸੀ ਜਿਹੜੇ ਸੁਪਨੇ ਲੈ ਕੇ ਕਿਸੇ ਹੋਰ ਧਰਤੀ ਤੇ ਜਾਂਦਾ ਹੈ, ਜਦੋਂ ਉਹ ਸੁਪਨੇ ਪੂਰੇ ਨਹੀਂ ਹੁੰਦੇ, ਉਹ ਸੁਪਨੇ ਟੁੱਟਣ ਲੱਗਦੇ ਹਨ ਅਤੇ ਸੁਪਨਿਆਂ ਦੇ ਟੁੱਟਣ ਦੇ ਅਹਿਸਾਸ ਨੂੰ ਜਦੋਂ ਉਹ ਲੈਅਬੱਧ ਸ਼ਬਦਾਂ 'ਚ ਢਾਲਦਾ ਤਾਂ ਪ੍ਰਵਾਸੀ ਪੰਜਾਬੀ ਕਵਿਤਾ ਜਨਮ ਲੈਂਦੀ ਹੈ। ਉਨ੍ਹਾਂ ਕਿਹਾ ਕਿ ਕਵੀ ਆਮ ਮਨੁੱਖਾਂ ਨਾਲੋਂ ਵੱਖਰਾ ਹੁੰਦਾ ਹੈ, ਉਹ ਆਮ ਇਨਸਾਨਾਂ ਤੋਂ ਉੱਪਰ ਦੀ ਗੱਲ ਕਰਦਾ ਹੈ। ਜਿਹੜੀ ਕਵਿਤਾ ਪੜ੍ਹ ਕੇ ਤੁਹਾਡੇ ਅੰਦਰ ਸੰਵੇਦਨਸ਼ੀਲਤਾ ਭਰ ਜਾਵੇ, ਜਿਹੜੀ ਕਵਿਤਾ ਤੁਹਾਨੂੰ ਕੋਈ ਹਲੂਣਾ ਦੇਵੇ ਉਹ ਕਵਿਤਾ ਹੀ ਉੱਤਮ ਦਰਜੇ ਦੀ ਕਵਿਤਾ ਹੁੰਦੀ ਹੈ। ਜਿਹੜੀ ਕਵਿਤਾ ਦੇ ਸਾਰੇ ਦੇ ਸਾਰੇ ਅਰਥ ਤੁਹਾਡੇ ਤੱਕ ਇੱਕ ਵਾਰ ਹੀ ਪੁੱਜ ਜਾਣ ਉਹ ਕਵਿਤਾ ਨਿਮਨ ਦਰਜੇ ਦੀ ਹੁੰਦੀ ਹੈ। ਉਨ੍ਹਾਂ ਕਿਹਾ ਕਿ ਪ੍ਰਵਾਸੀ ਕਵਿਤਾ ਬਹੁਤ ਭਰਪੂਰਤਾ ਨਾਲ ਲਿਖੀ ਜਾ ਰਹੀ ਹੈ ਅਤੇ 70 ਦੇ ਕਰੀਬ ਪੰਜਾਬੀ ਕਵੀ ਇਕੱਲੇ ਅਮਰੀਕਾ ਵਿੱਚ ਹਨ। ਇਸ ਸੈਸ਼ਨ ਦੇ ਮੁੱਖ ਮਹਿਮਾਨ ਨਾਮਵਰ ਕਹਾਣੀਕਾਰ ਡਾ. ਵਰਿਆਮ ਸਿੰਘ ਸੰਧੂ ਅਤੇ ਪ੍ਰਧਾਨਗੀ ਕਰ ਰਹੇ



ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ ਤੇ ਜਨਰਲ ਸਕੱਤਰ ਸੁਸ਼ੀਲ ਦੁਸਾਂਝ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਅੰਗਰੇਜ਼ੀ ਵਿਭਾਗ ਦੇ ਮੁਖੀ ਡਾ. ਰਾਜੇਸ਼ ਸ਼ਰਮਾ ਅਤੇ ਨਾਮਵਰ ਸ਼ਾਇਰ ਜਸਵਿੰਦਰ ਨੇ ਵੀ ਪਰਵਾਸੀ ਪੰਜਾਬੀ ਕਵਿਤਾ ਦੇ ਵੱਖ ਵੱਖ ਪਹਿਲੂਆਂ ਨੂੰ ਛੋਹਿਆ। ਅਗਲਾ ਸੈਸ਼ਨ 'ਸਮਕਾਲੀ ਸੰਦਰਭ ਵਿਚ ਅਮਰੀਕੀ ਪੰਜਾਬੀ ਕਹਾਣੀ' ਬਾਰੇ ਸੀ ਜਿਸ ਵਿਚ ਪ੍ਰਸਿੱਧ ਕਹਾਣੀਕਾਰ ਅਜਮੇਰ ਸਿੱਧੂ ਨੇ ਆਪਣੇ ਪਰਚੇ ਰਾਹੀਂ ਅਮਰੀਕੀ ਕਹਾਣੀਕਾਰਾਂ ਦੀਆਂ ਕਿਰਤਾਂ ਦੇ ਹਵਾਲੇ ਨਾਲ ਚਰਚਾ ਕੀਤੀ। ਇਸ ਸੈਸ਼ਨ ਦੇ ਮੁੱਖ ਮਹਿਮਾਨ ਡਾ. ਮੋਨੋਜੀਤ ਸਨ ਅਤੇ ਸੈਸ਼ਨ ਦੀ ਪ੍ਰਧਾਨਗੀ ਡਾ. ਵਰਿਆਮ ਸਿੰਘ ਸੰਧੂ, ਸੁਰਿੰਦਰ ਸੋਹਲ, ਚਰਨਜੀਤ ਪੰਨੂੰ, ਅਮਰਜੀਤ ਕੌਰ ਪੰਨੂੰ ਅਤੇ ਸੁਖਵਿੰਦਰ ਕੰਬੋਜ ਨੇ ਕੀਤੀ। ਪਹਿਲੇ ਦਿਨ ਦੇ ਅਖੀਰ ਵਿਚ ਗ਼ਜ਼ਲ ਗਾਇਕ ਸੁਖਦੇਵ ਸਾਹਿਲ ਨੇ ਆਪਣੀ ਬਹੁਤ ਹੀ ਖ਼ੂਬਸੂਰਤ ਤੇ ਮਨਮੋਹਕ ਗਾਇਕੀ ਨਾਲ ਸਭ ਦਾ ਮਨ ਮੋਹ ਲਿਆ। ਦੂਜੇ ਦਿਨ ਦੇ ਪਹਿਲੇ ਸੈਸ਼ਨ ਵਿਚ 'ਵਿਸ਼ਵ ਸਾਹਿਤ ਵਿਚ ਪੰਜਾਬੀ ਸਾਹਿਤ ਦੇ ਸਥਾਨ ਅਤੇ ਰੁਤਬੇ ਦਾ ਸਵਾਲ' ਉੱਪਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਅੰਗਰੇਜ਼ੀ ਵਿਭਾਗ ਦੇ ਮੁਖੀ ਡਾ. ਰਾਜੇਸ਼ ਸ਼ਰਮਾ ਨੇ ਆਪਣੇ ਪਰਚੇ ਰਾਹੀਂ ਪੰਜਾਬੀ ਸਾਹਿਤ ਦੀ ਆਲੋਚਨਾ ਉੱਪਰ ਕਈ ਅਹਿਮ ਸਵਾਲ ਰੱਖੇ। ਉਨ੍ਹਾਂ ਕਿਹਾ ਕਿ ਸਾਡੇ ਸਾਹਮਣੇ ਸਵਾਲ ਹੈ ਕਿ ਅਸੀਂ ਦੋਹਰੀ ਤੇ ਬਹੁ-ਦ੍ਰਿਸ਼ਟੀ ਵਾਲੀ ਆਲੋਚਨਾ ਕਿਵੇਂ ਸਿਰਜੀਏ ਜੋ ਸਾਹਿਤ ਕਿਰਤ ਦੇ ਅੰਦਰ ਤੇ ਬਾਹਰ ਦੂਰ ਅਤੇ ਦੇਰ ਤੱਕ ਦੇਖਣ ਦੀ ਤਾਕਤ ਪੈਦਾ ਕਰ ਸਕੇ। ਅਜਿਹੇ ਉਪਰਾਲੇ ਤੋਂ ਬਿਨਾਂ ਇਹ ਸੰਭਵ ਨਹੀਂ ਕਿ ਪੰਜਾਬੀ ਆਲੋਚਨਾ ਵਿਸ਼ਵ ਸਾਹਿਤ ਆਲੋਚਨਾ ਵਿੱਚ ਆਪਣੀ ਬਣਦੀ ਥਾਂ ਤੇ ਰੁਤਬਾ ਹਾਸਲ ਕਰਨ ਦੀ ਜ਼ਿੰਮੇਵਾਰੀ ਪੁਗਾ ਸਕੇ। ਇਸ ਸੈਸ਼ਨ ਦੇ ਮੁੱਖ ਮਹਿਮਾਨ ਨਾਮਵਰ ਨਾਟਕਕਾਰ ਡਾ. ਆਤਮਜੀਤ ਸਨ ਅਤੇ ਡਾ. ਆਤਮ ਰੰਧਾਵਾ, ਸੁਰਿੰਦਰ ਸੀਰਤ, ਹਰਦਮ ਮਾਨ, ਹਰਭਜਨ ਢਿੱਲੋਂ ਅਤੇ ਹਰਜਿੰਦਰ ਕੰਗ ਨੇ ਇਸ ਸੈਸ਼ਨ ਦੀ ਪ੍ਰਧਾਨਗੀ ਕੀਤੀ ਅਤੇ ਸੰਚਾਲਨ ਸੁਖਵਿੰਦਰ ਕੰਬੋਜ਼ ਨੇ ਕੀਤਾ। ਅਗਲੇ ਸੈਸ਼ਨ ਵਿਚ ਡਾ. ਗੁਰਪ੍ਰੀਤ ਧੁੱਗਾ ਦੀ ਚਰਚਿਤ ਪੁਸਤਕ 'ਚਾਲੀ ਦਿਨ' ਉੱਪਰ ਭਰਵੀਂ ਵਿਚਾਰ ਚਰਚਾ ਹੋਈ। ਇਸ ਸੈਸ਼ਨ ਦੀ ਪ੍ਰਧਾਨਗੀ ਡਾ. ਵਰਿਆਮ ਸੰਧੂ, ਡਾ. ਗੁਰਪਰੀਤ ਧੁੱਗਾ, ਦਰਸ਼ਨ ਬੁੱਟਰ, ਸੁਰਿੰਦਰ ਸੋਹਲ, ਜਸਵੰਤ ਜ਼ਫ਼ਰ, ਜਸਵਿੰਦਰ, ਡਾ. ਆਤਮਜੀਤ ਅਤੇ ਡਾ. ਰਾਜੇਸ਼ ਸ਼ਰਮਾ ਨੇ ਕੀਤੀ ਅਤੇ ਸੰਚਾਲਨ ਅਸ਼ੋਕ ਭੌਰਾ ਨੇ ਕੀਤਾ। ਸਾਰੇ ਬੁਲਾਰਿਆਂ ਨੇ ਡਾ. ਧੁੱਗਾ ਵੱਲੋਂ ਇਸ ਪੁਸਤਕ ਰਾਹੀਂ ਨਵੀਂ ਵਿਧਾ ਸਿਰਜਣ ਲਈ ਮੁਬਾਰਕਬਾਦ ਦਿੱਤੀ।

ਦੋਵੇਂ ਦਿਨ ਕਵੀ ਦਰਬਾਰ ਸਜਦਾ ਰਿਹਾ। ਪਹਿਲੇ ਦਿਨ ਦੇ ਕਵੀ ਦਰਬਾਰ ਵਿਚ ਪ੍ਰਸਿੱਧ ਸ਼ਾਇਰ ਜਸਵੰਤ ਜ਼ਫ਼ਰ ਬਤੌਰ ਮੁੱਖ ਮਹਿਮਾਨ ਸ਼ਾਮਲ ਹੋਏ

(ਬਾਕੀ ਸਫ਼ਾ 17 'ਤੇ)




mortgages lab
ਕਿਸੇ ਵੀ ਤਰ੍ਹਾਂ ਦੀ ਮੌਰਗੇਜ
ਲੈਣ ਲਈ ਸੰਪਰਕ ਕਰੋ
Rate hold from 6 months to 1 year
Get Preapproval In 2 Hours
• ਪਹਿਲੀ ਵਾਰ ਘਰ ਖਰੀਦੋ ਦੇ 5% down purchase ਨਾਲ
• ਖਰੀਦਣਾ, ਰਿਫਾਇਨਾਂਸ ਅਤੇ ਸਵਿੱਚ
• ਰੈਜ਼ੀਡੈਂਸ਼ਿਅਲ, ਕਮਰਸ਼ਿਅਲ ਅਤੇ ਲੈਂਡ ਮੌਰਗੇਜ
HARPREET SINGH
Mortgage Broker
Ph: 778.558.9745
harpreetfunding@gmail.com
@harpreetfunding
@HARPREETFUNDING
Licensed professional mortgage broker

Happy Diwali &
Bandi Chhor Divas!

ਦੀਵਾਲੀ ਤੇ ਬੰਦੀ ਛੋੜ ਦਿਵਾਸ ਦੀਆਂ
ਲੱਖ ਲੱਖ ਵਧਾਈਆਂ !



**Peter Julian, MP**
New Westminster-Burnaby
110-888 Carnarvon St,
New Westminster, BC
V3M 0C6
**604-775-5707**
**Peter.Julian.c1@parl.gc.ca**

**Bonita Zarrillo, MP**
Port Moody-Coquitlam
1116 Austin Ave,
Coquitlam, BC
V3K 3P5
**604-664-9229**
**Bonita.Zarrillo@parl.gc.ca**

**Jagmeet Singh, MP**
Burnaby South
4940 Kingsway
Burnaby, BC
V5H 2E2
**604-291-8863**
**Jagmeet.Singh@parl.gc.ca**

**Jenny Kwan, MP**
Vancouver East
2572 E Hastings Street
Vancouver, BC
V5K 1Z3
**604-775-5800**
**Jenny.Kwan@parl.gc.ca**

**Don Davies, MP**
Vancouver Kingsway
2951 Kingsway,
Vancouver, BC
V5R 5J4
**604-775-6263**
**Don.Davies@parl.gc.ca**

NDP


ਵਧੀਆ
ਸੇਵਾਵਾਂ ਦੇ ਨਾਲ
ਆਪਣੇ ਘਰ ਨੂੰ
ਸੁਰੱਖਿਅਤ ਰੱਖੋ
COMPLETE
PEST
CONTROL
ਅਸੀਂ ਹੇਠ ਲਿਖੀਆਂ
ਸੇਵਾਵਾਂ ਵਿੱਚ ਮਾਹਿਰ ਹਾਂ:
• ਕੀੜੀਆਂ
• ਬੈੱਡ ਬੱਗ ਕੰਟਰੋਲ
• ਪੰਛੀ ਨਿਯੰਤਰਣ
• ਮਧੂ-ਮੱਖੀਆਂ, ਮੱਖੀਆਂ ਅਤੇ ਹੌਰਨੇਟਸ
• ਕਾਕਰੋਚ
• ਫਲੀਜ਼ ਅਤੇ ਟਿੱਕਸ
• ਰਕੂਨ ਅਤੇ ਗਿਲਹਿਰਿਆਂ
• ਚੂਹਿਆਂ ਤੋਂ ਬਚਾਅ
• ਮੱਕੜੀਆਂ ਤੋਂ ਬਚਾਅ
• ਜੰਗਲੀ ਜੀਵਾਂ ਤੋਂ ਬਚਾਅ
Pressure Sprayer
8Lt
ਅਮਨਪ੍ਰੀਤ ਸਿੰਘ
Certified Service Specialist
E-mail: completepestcontrol786@gmail.com
Ph: 778-970-5786


ਸਭ ਨੂੰ ਦੀਵਾਲੀ ਦੀਆਂ ਲੱਖ ਲੱਖ ਵਧਾਈਆਂ
Diwali Greetings To All!
Exclusive Markets For Reduced Rates on Cargo and Truck Insurance
Your Trucking Insurance Professional
We Specialize in:
• Cargo Insurance
• Prorate Insurance/New Fleets
• US/Canadian Custom Bonding/ICC Bonds
• General Liability
• All Types of Commercial Insurance
• Risk Management
Setting The Standard in the Trucking Industry For Over 30 Years
Monthly Payment Plans OAC
Johnston Meier Insurance Agencies Group
1-888-564-7687
Tel: 604-533-0333
Fax: 604-533-3284
Riccardo Sestito 604-309-3321
Inder Grewal 604-308-9642
#101-19978-72nd Ave., Langley, BC V2Y 1R7

# ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਕੈਲੇਫੋਰਨੀਆ ਦੀ 23ਵੀਂ ਸਲਾਨਾ ਪੰਜਾਬੀ ਸਾਹਿਤਕ ਕਾਨਫਰੰਸ




*(ਸਫਾ 12 ਦੀ ਬਾਕੀ)*

ਅਤੇ ਪ੍ਰਧਾਨਗੀ ਮੰਡਲ ਵਿਚ ਰਵਿੰਦਰ ਸਹਿਰਾਅ, ਸੁਰਜੀਤ ਸਖੀ, ਸੁਹਿੰਦਰਬੀਰ, ਪ੍ਰੀਤ ਮਨਪ੍ਰੀਤ, ਸਤੀਸ਼ ਗੁਲਾਟੀ ਅਤੇ ਗੁਲਸ਼ਨ ਦਿਆਲ ਬਿਰਾਜਮਾਨ ਹੋਏ। ਕਵੀ ਦਰਬਾਰ ਦਾ ਸੰਚਾਲਨ ਜਗਜੀਤ ਨੌਸ਼ਹਿਰਵੀ ਅਤੇ ਲਾਜ ਨੀਲਮ ਸੈਣੀ ਨੇ ਕੀਤਾ। ਦੂਜੇ ਦਿਨ ਦੇ ਕਵੀ ਦਰਬਾਰ ਦੇ ਮੁੱਖ ਮਹਿਮਾਨ ਨਾਮਵਰ ਸ਼ਾਇਰ ਦਰਸ਼ਨ ਬੁੱਟਰ ਸਨ ਅਤੇ ਨਾਮਵਰ ਸ਼ਾਇਰ ਜਸਵਿੰਦਰ, ਦਲਵੀਰ ਕੌਰ, ਅਸ਼ੋਕ ਭੌਰਾ, ਭੁਪਿੰਦਰ ਦਲੇਰ, ਲਾਜ ਨੀਲਮ ਸੈਣੀ ਅਤੇ ਦਿਲ ਨਿੱਝਰ ਪ੍ਰਧਾਨਗੀ ਮੰਡਲ ਵਿਚ ਸ਼ਾਮਲ ਹੋਏ। ਕਵੀ ਦਰਬਾਰ ਦਾ ਸੰਚਾਲਨ ਸੁਰਿੰਦਰ ਸੀਰਤ ਅਤੇ ਸੁਰਜੀਤ ਸਖੀ ਨੇ ਕੀਤਾ। ਦੋਹਾਂ ਦਿਨਾਂ ਦੇ ਕਵੀ ਦਰਬਾਰਾਂ ਵਿਚ ਜਸਵਿੰਦਰ, ਰਵਿੰਦਰ ਸਹਿਰਾਅ, ਸੁਸ਼ੀਲ ਦੁਸਾਂਝ, ਦਰਸ਼ਨ ਬੁੱਟਰ, ਜਸਵੀਰ ਗਿੱਲ, ਸੰਤੋਖ ਮਿਨਹਾਸ, ਹਰਜਿੰਦਰ ਕੰਗ, ਹਰਦਮ ਮਾਨ, ਸਤੀਸ਼ ਗੁਲਾਟੀ, ਹਰਜਿੰਦਰ ਢੇਸੀ, ਪ੍ਰੀਤ ਮਨਪ੍ਰੀਤ, ਜਸਵੰਤ ਜ਼ਫ਼ਰ , ਸੁਰਜੀਤ ਸਖੀ, ਦਿਲ ਨਿੱਜਰ, ਡਾ ਸੁਹਿੰਦਰਬੀਰ, ਡਾ. ਮੋਨੋਜੀਤ, ਰਕਿੰਦ ਕੌਰ, ਚਰਨਜੀਤ ਪੰਨੂ, ਅਮਰਜੀਤ ਪੰਨੂ, ਨਵਨੀਤ ਪੰਨੂ, ਬਿਕਰਮ ਸੋਹੀ, ਸੁਰਿੰਦਰ ਸੋਹਲ, ਲਖਵਿੰਦਰ ਕੌਰ ਲੱਕੀ, ਸੁਖਪਾਲ ਸੰਘੇੜਾ ਅਤੇ ਸਥਾਨਕ ਕਵੀਆਂ ਨੇ ਉੱਚ ਪੱਧਰ ਦੀ ਗ਼ਜ਼ਲ, ਕਵਿਤਾ ਅਤੇ ਗੀਤਾਂ ਦੀ ਪੇਸ਼ਕਾਰੀ ਨਾਲ ਖੂਬ ਕਾਵਿਕ ਮਾਹੌਲ ਸਿਰਜਿਆ। ਦੂਜੇ ਦਿਨ ਦੇ ਆਖ਼ਿਰ ਵਿਚ ਡਾ. ਆਤਮਜੀਤ ਨੇ ਡਾ. ਦੀਵਾਨ ਸਿੰਘ ਕਾਲੇਪਾਣੀ ਦੀ ਜ਼ਿੰਦਗੀ 'ਤੇ ਅਧਾਰਿਤ ਨਾਟਕ ਦਾ ਪਾਠ ਬੜੇ ਭਾਵੁਕ ਅੰਦਾਜ਼ ਵਿਚ ਪੇਸ਼ ਕਰਕੇ ਕਾਨਫਰੰਸ ਨੂੰ ਸਿਖਰ 'ਤੇ ਪੁਚਾਇਆ। ਵਰਨਣਯੋਗ ਹੈ ਕਿ ਡਗਸ਼ਈ (ਹਿਮਾਚਲ ਪ੍ਰਦੇਸ਼) ਵਿੱਚ ਹੋਏ ਜਲਸੇ ਵਿੱਚ ਡਾ. ਦੀਵਾਨ ਸਿੰਘ ਨੇ ਲੋਕਾਂ ਨੂੰ ਗੁਲਾਮੀ ਦੀਆਂ ਜ਼ੰਜੀਰਾਂ ਤੋੜਨ ਵਾਸਤੇ ਇਕੱਠੇ ਹੋਣ ਦਾ ਸੰਦੇਸ਼ ਦਿੱਤਾ ਜਿਸ ਕਾਰਨ ਉਨ੍ਹਾਂ ਖਿਲਾਫ਼ ਅੰਗਰੇਜ਼ ਹਕੂਮਤ ਨੇ ਮੁਕੱਦਮਾ ਦਰਜ ਕਰ ਲਿਆ ਪਰ ਉਹ ਉਥੋਂ ਦੇ ਲੋਕਾਂ ਦੇ ਦਿਲਾਂ ਵਿੱਚ ਵਸਦੇ ਸਨ ਜਿਸ ਕਾਰਨ ਗਵਾਹ ਨਾ ਮਿਲਣ ਕਾਰਨ ਉਹ ਬਰੀ ਹੋ ਗਏ। ਦੂਜੇ ਵਿਸ਼ਵ ਯੁੱਧ ਦੌਰਾਨ ਜਦੋਂ ਜਪਾਨ ਨੇ 1942 ਵਿਚ ਅੰਡੇਮਾਨ ਉੱਤੇ ਕਬਜ਼ਾ ਕਰ ਲਿਆ, ਦੀਵਾਨ ਸਿੰਘ ਬਹੁਤ ਦੁਖੀ ਹੋ। ਜਾਪਾਨੀ ਅਧਿਕਾਰੀਆਂ ਨੇ ਉਨ੍ਹਾਂ ਨੂੰ ਪੇਨਾਗ ਰੇਡੀਓ 'ਤੇ ਬ੍ਰਿਟਿਸ਼ਾਂ ਵਿਰੁੱਧ ਭਾਸ਼ਣ ਦੇਣ ਦੇ ਆਦੇਸ਼ ਦਿੱਤੇ, ਪਰ ਦੀਵਾਨ ਸਿੰਘ ਨੇ ਇਨਕਾਰ ਕਰ ਦਿੱਤਾ। ਉਨ੍ਹਾਂ ਨੂੰ ਜਾਪਾਨੀਆਂ ਨੇ 1943 ਵਿੱਚ ਗ੍ਰਿਫਤਾਰ ਕਰ ਲਿਆ। ਤਕਰੀਬਨ ਛੇ ਮਹੀਨਿਆਂ ਦੇ ਤਸ਼ੱਦਦ ਤੋਂ ਬਾਅਦ, ਉਨ੍ਹਾਂ ਨੂੰ ਪੰਜਾਬੀ ਸਭਾ ਦੇ 65 ਮੈਂਬਰਾਂ ਸਮੇਤ ਕਤਲ ਕਰ ਦਿੱਤਾ ਗਿਆ ਸੀ। ਡਾ. ਆਤਮਜੀਤ ਦੀ ਇਸ ਪੇਸ਼ਕਾਰੀ ਸਮੇਂ ਡਾ. ਦੀਵਾਨ ਸਿੰਘ ਕਾਲੇਪਾਣੀ ਦੀ ਪੋਤਰੀ ਤੇ ਪੜਪੋਤੀਆਂ ਦੀ ਮੌਜੂਦਗੀ ਨੇ ਮਾਹੌਲ ਹੋਰ ਵੀ ਭਾਵੁਕ ਕਰ ਦਿੱਤਾ। ਸਰੋਤਿਆਂ ਨੇ ਹਾਲ ਵਿੱਚ ਖੜ੍ਹੇ ਹੋ ਕੇ ਤਾੜੀਆਂ ਨਾਲ ਆਪਣੀਆਂ ਭਾਵਨਾਵਾਂ ਦਾ ਪ੍ਰਗਟਾਵਾ ਕੀਤਾ। ਕਾਨਫਰੰਸ ਦੌਰਾਨ ਕੁਝ ਲੇਖਕਾਂ ਦੀਆਂ ਕਿਤਾਬਾਂ ਰਿਲੀਜ਼ ਕੀਤੀਆਂ ਗਈਆਂ ਅਤੇ ਪ੍ਰਬੰਧਕਾਂ ਵੱਲੋਂ ਮਹਿਮਾਨ ਲੇਖਕਾਂ ਦਾ ਸਨਮਾਨ ਕੀਤਾ ਗਿਆ।










# ਸਿੱਖ ਨਸਲਕੁਸ਼ੀ 1984 ਦੇ ਦੁਖਾਂਤ ਨੂੰ ਚੇਤੇ ਕਰਦਿਆਂ ਕੈਨੇਡਾ ਦੀ ਰਾਜਧਾਨੀ ਓਟਾਵਾ ਅਤੇ ਐਬਸਫੋਰਡ ਵਿਚ ਖ਼ੂਨਦਾਨ ਮੁਹਿੰਮ ਨੂੰ ਮਿਲਿਆ ਬੇਮਿਸਾਲ ਹੁੰਗਾਰਾ

ਐਬਸਫੋਰਡ-ਸਿੱਖ ਨਸਲਕੁਸ਼ੀ 1984 ਦੇ ਦੁਖਾਂਤ ਦੇ 39ਵੇਂ ਵਰੇ 'ਤੇ ਕੈਨੇਡਾ ਦੀ ਰਾਜਧਾਨੀ ਆਟਵਾ ਅਤੇ ਬ੍ਰਿਟਿਸ਼ ਕਲੰਬੀਆ ਦੇ ਸ਼ਹਿਰ ਐਬਸਫੋਰਡ ਸਮੇਤ, ਕੈਨੇਡਾ ਦੇ ਹੋਰਨਾਂ ਸ਼ਹਿਰਾਂ ਵਿੱਚ ਸਿੱਖ ਕੌਮ ਵੱਲੋਂ ਖ਼ੂਨਦਾਨ ਕੈਂਪ ਲਗਾਏ ਗਏ, ਜਿਨਾਂ ਨੂੰ ਭਰਪੂਰ













ਹੁੰਗਾਰਾ ਮਿਲਿਆ। ਐਬਸਫੋਰਡ ਦੇ ਕਲੀਅਰਬਰੁਕ ਤੇ ਬਲੂਰਿਜ ਦੇ ਕੋਨੇ 'ਤੇ ਸਥਿਤ ਐਬਸਫੋਰਡ ਚਰਚ ਵਿਖੇ ਦੋਵੇਂ ਹੀ ਦਿਨ ਵੱਡੀ ਗਿਣਤੀ ਵਿੱਚ ਵਲੰਟੀਅਰ ਅਤੇ ਖ਼ੂਨਦਾਨ ਕਰਨ ਵਾਲੇ ਸ਼ਖਸੀਅਤਾਂ ਸ਼ਾਮਿਲ ਹੋਈਆਂ। ਬੇਮਿਸਾਲ ਹੁੰਗਾਰੇ ਦੇ ਰੂਪ ਵਿੱਚ ਸਿੱਖ ਨੌਜਵਾਨਾਂ ਅਤੇ ਬੱਚਿਆਂ ਨੇ ਭਰਪੂਰ ਸਹਿਯੋਗ ਦਿੱਤਾ ਅਤੇ ਖ਼ੂਨਦਾਨ ਦੇ ਮਕਸਦ ਬਾਰੇ ਮੀਡੀਆ ਨਾਲ ਗੱਲਬਾਤ ਕੀਤੀ। ਸਿੱਖ ਕੌਮ ਵੱਲੋਂ ਚਲਾਈ ਜਾ ਰਹੀ ਖ਼ੂਨ ਦਾਨ ਮੁਹਿੰਮ ਮੌਕੇ ਬੁਲਾਰਿਆਂ ਨੇ ਕਿਹਾ ਕਿ ਜਿੱਥੇ ਸਿੱਖ ਨਸਲਕੁਸ਼ੀ ਨਾ ਭੁੱਲਣ ਯੋਗ ਅਤੇ ਨਾ ਮਾਫ ਕਰਨਯੋਗ ਦੁਖਾਂਤ ਹੈ, ਉਥੇ ਖ਼ੂਨ ਦੇ ਕੇ, ਸਿੱਖ ਕੌਮ ਜਾਨਾਂ ਬਚਾਉਣ ਲਈ ਅਹਿਦ ਕਰਦੀ ਹੈ। ਹੁਣ ਤੱਕ 1 ਲੱਖ 76 ਜਾਨਾਂ ਬਚਾਈਆਂ ਜਾ ਚੁੱਕੀਆਂ ਹਨ। ਆਉਂਦੇ ਦਿਨਾਂ ਵਿੱਚ ਨਵੰਬਰ ਮਹੀਨੇ ਦੌਰਾਨ 10 ਅਤੇ 11 ਤਾਰੀਖ ਨੂੰ ਸਰੀ ਵਿੱਚ, 15 ਨਵੰਬਰ ਨੂੰ ਵਿਕਟੋਰੀਆ ਵਿਖੇ, 18 ਨਵੰਬਰ ਨੂੰ ਵੈਨਕੂਵਰ ਵਿਖੇ ਅਤੇ ਕੈਨੇਡਾ ਦੇ ਵੱਖ-ਵੱਖ ਸ਼ਹਿਰਾਂ ਵਿਖੇ ਇਹ ਕੈਂਪ, ਪੂਰਾ ਮਹੀਨਾ ਲਗਾਏ ਜਾਣਗੇ। ਐਬਸਫੋਰਡ ਕੈਂਪ ਮੌਕੇ 'ਤੇ ਗੁਰਦੁਆਰਾ ਸਾਹਿਬ ਕਲਗੀਧਰ ਦਰਬਾਰਾ ਐਬਸਫੋਰਡ ਦੇ ਸਾਬਕਾ ਮੁੱਖ ਸੇਵਾਦਾਰ ਭਾਈ ਗੁਰਨੀਕ ਸਿੰਘ ਬਰਾੜ ਨੇ ਕਿਹਾ ਕਿ ਉਹਨਾਂ ਆਪਣੀ ਜ਼ਿੰਦਗੀ ਵਿੱਚ ਸਿੱਖਾਂ ਵੱਲੋਂ ਕੀਤੇ ਜਾ ਰਹੇ ਹਰੇਕ ਖ਼ੂਨਦਾਨ ਨੂੰ ਅੱਖੀ ਦੇਖਿਆ ਅਤੇ ਨਾਲ ਖੁਦ ਸੇਵਾ ਨਿਭਾਈ ਹੈ। ਉਹਨਾਂ ਸੰਗਤਾਂ ਨੂੰ ਅਪੀਲ ਕੀਤੀ ਕਿ ਅਜਿਹੇ ਖ਼ੂਨਦਾਨ ਕੈਂਪਾਂ ਰਾਹੀਂ ਸਿੱਖ ਕੌਮ 'ਤੇ ਹੋਏ ਜ਼ੁਲਮ ਨੂੰ ਚੇਤੇ ਕੀਤਾ ਜਾਵੇ ਅਤੇ ਸੰਸਾਰ ਨੂੰ ਦੱਸਿਆ ਜਾਵੇ ਕਿ ਕਿਸ ਤਰੀਕੇ ਨਾਲ ਸਿੱਖਾਂ ਦੀ ਨਸਲਕੁਸ਼ੀ ਹੋਈ। ਇਸ ਕੈਂਪ ਮੌਕੇ ਭਰਭੂਰ ਹੁੰਗਾਰਾ ਵੇਖਦਿਆਂ ਹੋਇਆਂ ਕਨੇਡੀਅਨ ਬਲੱਡ ਸਰਵਿਸਜ਼ ਨੇ ਸਿੱਖ ਕੌਮ ਦੀ ਪੁਰਜ਼ੋਰ ਪ੍ਰਸ਼ੰਸਾ ਕੀਤੀ।



# AKALI SINGH GURDWARA

## Diwali Greetings To All

## ਦੀਵਾਲੀ ਦੀ ਆਪ ਸਭ ਨੂੰ ਲੱਖ-ਲੱਖ ਵਧਾਈ ਹੋਵੇ

**GURUDWARA PRABANDHAK COMMITTEE**

**Tel:604-254-2117**

**Fax: 604-254-5309**






ਲੜੀਵਾਰ...

ਲੇਖਕ : ਗਿਆਨੀ ਕੇਵਲ ਸਿੰਘ ਨਿਰਦੋਸ਼

## ਸਭੁ ਦੇਸੁ ਪਰਾਇਆ

(ਸਵੈ-ਜੀਵਨੀ)

# ਮੇਰਾ ਪਿੰਡ ਦੁਸਾਂਝ ਕਲਾਂ

ਮੇਰਾ ਜਨਮ ਦੁਸਾਂਝ ਕਲਾਂ ਜ਼ਿਲ੍ਹਾ ਜਲੰਧਰ ਵਿਚ ਸਰਕਾਰੀ ਕਾਗਜ਼ਾਂ ਮੁਤਾਬਿਕ ੨੯ ਨਵੰਬਰ ੧੯੪੦ ਈ: ਨੂੰ ਇਕ ਅਤਿ ਸਾਧਾਰਨ ਕਿਸਾਨ ਸ੍ਰ: ਕਰਮ ਸਿੰਘ ਦੁਸਾਂਝ ਦੇ ਘਰ ਮਾਤਾ ਆਸ ਕੌਰ ਜੀ ਦੀ ਕੁੱਖ ਵਿਚੋਂ ਹੋਇਆ। ਪਿਤਾ ਜੀ ਦੇ ਦੱਸਣ ਅਨੁਸਾਰ ਉਨ੍ਹਾਂ ਦੇ ਪੜਦਾਦੇ ਦਾ ਨਾਮ ਸ਼ਾਮ ਸਿੰਘ ਸੀ, ਬਾਬੇ ਦਾ ਨਾਮ ਸੁੰਦਰ ਸਿੰਘ ਤੇ ਪਿਤਾ ਦਾ ਨਾਮ ਕਰਤਾਰ ਸਿੰਘ। ਮੇਰੇ ਬਾਬਾ ਜੀ ਕਰਤਾਰ ਸਿੰਘ ਉਨੀਵੀਂ ਸਦੀ ਦੇ ਅਖੀਰ ਤੇ ਅਮਰੀਕਾ ਗਏ ਸਨ ਤੇ ਕੁਝ ਸਮੇਂ ਬਾਦ ਉਹ ਵਾਪਸ ਆ ਗਏ। ਉਨ੍ਹਾਂ ਦੇ ਭਰਾ ਸਰਦਾਰਾ ਸਿੰਘ ਜੀ ਅਸਟਰੇਲੀਆ ਚਲੇ ਗਏ ਸਨ ਤੇ ਉਥੋਂ ਦੀ ਫੌਜ਼ ਵਿਚ ਭਰਤੀ ਹੋ ਗਏ ਸਨ। ਉਨ੍ਹਾਂ ਨੂੰ "ਸਾਹਿਬ" ਕਰਕੇ ਬੁਲਾਂਦੇ ਸਨ। ਉਨ੍ਹਾਂ ਦੀ ਸੁਪੱਤਨੀ ਜਾਣੀ ਮੇਰੀ ਦਾਦੀ ਬਸੰਤ ਕੌਰ ਸਠਵਿਆਂ ਵਿਚ ਦੁਸਾਂਝ ਕਲਾਂ ਵਿਚ ਹੀ ਗੁਰਪੁਰੀ ਸਿਧਾਰ ਗਏ ਸਨ। ਬਾਬਾ ਸਰਦਾਰਾ ਸਿੰਘ ਅਸਟਰੇਲੀਆ ਵਿਚ ਹੀ ਪੂਰੇ ਹੋਏ। ਪਿਤਾ ਸ੍ਰ: ਕਰਮ ਸਿੰਘ ਜੀ ਦਾ ਜਨਮ ੧੯੦੫ ਈ: ਦਾ ਸੀ ਤੇ ਉਹ ੧੯੯੯ ਵਿਚ ਮਾਛੀਵਾੜਾ ਸਾਹਿਬ ਲੰਮੀ ਉਮਰ ਭੋਗ ਕੇ ਸੁਖੀ ਸੁਖੀ ਗੁਰ ਪੁਰੀ ਸਿਧਾਰੇ। ਮੇਰੇ ਵੱਡੇ ਭਰਾ ਬਖਸ਼ੀਸ਼ ਸਿੰਘ ਉਨ੍ਹਾਂ ਤੋਂ ਦੋ ਸਾਲ ਪਹਿਲਾਂ ਅਧਰੰਗ ਦੀ ਬਿਮਾਰੀ ਕਰਕੇ ਚੜ੍ਹਾਈ ਕਰ ਗਏ ਸਨ। ਜਦੋਂ ਮੈਂ ਅੱਠ ਕੁ ਸਾਲ ਦਾ ਸਾਂ ਤਾਂ ਮੇਰਾ ਛੋਟਾ ਭਰਾ ਬਲਦੇਵ ਸਿੰਘ ਬਿਮਾਰ ਹੋਕੇ ਪੂਰਾ ਹੋ ਗਿਆ। ਮੈਥੋਂ ਵੱਡੀ ਭੈਣ ਸੁਰਿੰਦਰ ਜੋ ਪੜ੍ਹਾਈ ਵਿਚ ਬਹੁਤ ਹੀ ਹੁਸ਼ਿਆਰ ਸੀ, ਅਠਵੀਂ ਕਲਾਸ ਪਾਸ ਕਰਨ ਤੋਂ ਬਾਦ ਉਸਦਾ ਵਿਆਹ ਕਰ ਦਿੱਤਾ ਗਿਆ ਉਹ ਵੀ ਜਦੋਂ ਮੈਂ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਵਿਚ ਪੜ੍ਹਦਾ ਸਾਂ, ੧੯੬੧ ਵਿਚ ਪੂਰੀ ਹੋ ਗਈ। ਮੇਰੇ ਵੱਡੇ ਵੀਰ ਬਖਸ਼ੀਸ਼ ਸਿੰਘ ਦੇ ਦੋ ਪੁੱਤਰ ਹੋਏ, ਪਰ ਦੋਵੇਂ ਨਹੀਂ ਰਹੇ। ਇਕ ਅੱਠ ਨੌ ਮਹੀਨੇ ਦਾ ਹੋਕੇ ਤੇ ਦੂਜਾ ਪੈਦਾ ਹੋਣ ਤੋਂ ਥੋੜ੍ਹਾ ਚਿਰ ਬਾਦ ਵਾਹਿਗੁਰੂ ਦੇ ਹੁਕਮ ਵਿਚ ਚੜ੍ਹਾਈ ਕਰ ਗਏ। ਮੇਰਾ ਵੱਡਾ ਲੜਕਾ ਸਰਬਜੀਤ ਸਿੰਘ ਜੋ ੨੩ ਅਪਰੈਲ ੧੯੬੫ ਨੂੰ ਪੈਦਾ ਹੋਇਆ ਸੀ, ਉਹ ਮੇਰੀ ਸੱਸ ਸੁਰਜੀਤ ਕੌਰ ਸੰਘੇੜਾ ਨੇ ਵੱਡੇ ਵੀਰ ਦੀ ਝੋਲੀ ਪਾ ਦਿੱਤਾ। ਸਰਬਜੀਤ ਨੇ ਆਪਣੇ ਤਾਏ ਤਾਈ ਦੀ ਸਕੇ ਮਾਪਿਆਂ ਵਾਂਗ ਸੇਵਾ ਕੀਤੀ। ਸਰਬਜੀਤ ਸਿੰਘ ਦੇ ਤਿੰਨ ਲੜਕੀਆਂ ਰਮਨਦੀਪ, ਪਰਵੀਨ, ਗੁਰਜੀਤ ਅਤੇ ਇਕ ਬੇਟਾ ਪਰਮਵੀਰ ਸਿੰਘ ਦੁਸਾਂਝ ਹੈ। ਛੋਟੇ ਲੜਕੇ ਕੁਲਦੀਪ ਸਿੰਘ ਜਿਸ ਕੋਲ ਮੈਂ ਰਹਿ ਰਿਹਾ ਹਾਂ ਇਕ ਲੜਕਾ ਕਰਨਵੀਰ ਸਿੰਘ ਦੁਸਾਂਝ ਤੇ ਇੱਕ ਲੜਕੀ ਸੁਖਦੀਪ ਕੌਰ ਹੈ। ਮੁਢਲੀ ਵਿੱਦਿਆ ਮੈਂ ਆਪਣੇ ਪਿੰਡ ਦੁਸਾਂਝ ਕਲਾਂ ਦੇ ਗੁਰੂ ਹਰਿ ਰਾਇ ਖਾਲਸਾ ਸਕੂਲ ਤੋਂ ਲਈ। ਮਈ ੧੯੬੨ ਈਸਵੀ ਵਿਚ ਮੈਂ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਤੋਂ ਦੋ ਸਾਲ ਦਾ ਪਰਚਾਰਕ ਕੋਰਸ ਪਾਸ ਕੀਤਾ ਤੇ ਫਿਰ ਆਪਣੇ ਪਿੰਡ ਹੀ ਧਾਰਮਿਕ ਤੇ ਪੰਜਾਬੀ ਟੀਚਰ ਲੱਗ ਗਿਆ। ਸੰਨ ੧੯੬੩ ਵਿਚ ਮੈਂ ਪੰਜਾਬ ਯੂਨੀਵਰਸਿਟੀ ਤੋਂ ਗਿਆਨੀ ਪਾਸ ਕਰ ਲਈ। ਜੂਨ ਸੰਨ ੧੯੬੪ ਦੇ ਅੱਧ ਵਿਚ ਮੈਨੂੰ ਬਰਦਵਾਨ (ਬੰਗਾਲ) ਦੇ ਪੰਜਾਬੀ ਸਕੂਲ ਵਿਚ ਪੰਜਾਬੀ ਪੜ੍ਹਾਨ ਦੀ ਨੌਕਰੀ ਮਿਲ ਗਈ। ਪਿੰਡ ਦੁਸਾਂਝ ਕਲਾਂ ਵਿਚ ਮੇਰੀ ਤਨਖਾਨ ਸੱਠ ਰੁਪਏ ਮਹੀਨਾ ਸੀ ਤੇ ਇਥੇ ਡੇਢ ਸੌ ਰੁਪਿਆ ਮਹੀਨਾ। ਪਰ ਜਿਵੇਂ ਕਹਿੰਦੇ ਨੇ,

"ਨੌ ਦਿਨ ਸੁਥਰਾ ਕੰਮ ਤੇ ਗਿਆ, ਨੌ ਦਿਨ ਸੁਥਰਾ ਘਰ।
ਅਠਾਰੀਂ ਦਿਨੀ ਜਦ ਲੇਖਾ ਕੀਤਾ, ਸੁਥਰਾ ਘਰ ਦਾ ਘਰ। ਮੇਰਾ

**ਕਰਨੀ ਵਾਹਿਗੁਰੂ ਦੀ ਜਦੋਂ ਹੀ ਉਨ੍ਹਾਂ ਇਹ ਬੋਲ ਬੋਲੇ ਤਾਂ ਬਿਜਲੀ ਚਲੇ ਗਈ। ਉਨ੍ਹਾਂ ਹਰਮੋਨੀਅਮ ਤੇ ਵੱਡੀ ਸਾਰੀ ਕਾਪੀ ਰੱਖੀ ਹੋਈ ਸੀ। ਜ਼ਬਾਨੀ ਉਨ੍ਹਾਂ ਨੂੰ ਇਹ ਗਜ਼ਲ ਯਾਦ ਨਹੀਂ ਸੀ। ਹਨੇਰਾ ਹੀ ਹਨੇਰਾ ਹੋ ਗਿਆ। ਖੜ੍ਹੇ ਪੈਰ ਰੌਸ਼ਨੀ ਦਾ ਕੋਈ ਬੰਦੋ ਬਸਤ ਨਾ ਹੋ ਸਕਿਆ। ਉਸਨੇ ਏਹੀ ਪੰਕਤੀ ਚਾਰ ਪਜੰ ਵਾਰ ਕਹੀ, "ਗੁਜਰੀ ਮਾਂ ਦੇ ਚਾਨਣਾ ਵੇ..... ਪਿਛਿਓਂ ਇਕ ਟਰੱਕ ਡਰਾਈਵਰ ਆਇਆ ਉਸਨੇ ਪੰਜ ਰੁਪਏ ਦੇ ਕੇ ਕਿਹਾ ਕਿ ਇਹ ਹਨੇਰਾ ਗੁਜਰੀ ਦੇ ਚੰਨ ਨੇ ਨਹੀਂ ਬਿਜਲੀ ਨੇ ਦੂਰ ਕਰਨਾ ਹੈ, ਤੁਹਾਨੂੰ ਕੁਝ ਜੁਬਾਨੀ ਯਾਦ ਹੈ ਤਾਂ ਸੁਣਾਓ। ਦੀਵਾਨ ਵਿਚ ਹਾਸੜ ਮਚ ਗਈ।**




ਉਦੋਂ ਤਾਜ਼ਾ ਤਾਜ਼ਾ ਵਿਆਹ ਹੋਇਆ ਸੀ। ਮੈਂ ਆਪਣੀ ਜੀਵਨ ਸਾਥਣ ਨੂੰ ਮੰਗਵਾ ਲਿਆ। ਕਿਰਾਏ ਤੇ ਘਰ ਲਿਆ। ਛੇਆਂ ਕੁ ਮਹੀਨਿਆਂ 'ਚ ਹੀ ਚਾਅ ਲਹਿ ਗਿਆ ਕਰਜ਼ਾ ਚੜ੍ਹ ਗਿਆ। ਘਰ ਵਾਲੀ ਨੂੰ ਵਾਪਸ ਭੇਜਿਆ ਤੇ ਆਪ ਕਰਜ਼ਾ ਲਾਹੁਣ ਲੱਗ ਪਿਆ। ਜਦ ਹਿਸਾਬ ਕਿਤਾਬ ਸਾਫ਼ ਹੋ ਗਿਆ ਤਾਂ ਮੈਂ ਵੀ ਵਾਪਸ ਪਿੰਡ ਆ ਗਿਆ ਕਿਉਂਕਿ ਬਾਪੂ ਜੀ ਨੇ ਪਿੰਡ ਦੀ ਜ਼ਮੀਨ ਵੇਚ ਦਿੱਤੀ ਸੀ ਤੇ ਬਾਹਰ ਦੂਸਰੇ ਪ੍ਰਾਂਤ ਵਿਚ ਲਣੈ ਦੀ ਤਿਆਰੀ ਕਰ ਲਈ। ਜੋ ਅਸੀਂ ਕਰਨਾਲ ਜ਼ਿਲ੍ਹੇ ਦੇ (ਹੁਣ ਕੁਰਕਸ਼ੇਤਰ) ਦੇ ਪਿੰਡ ਹੀਂਗਾਖੇੜੀ ਸਾਰਾ ਕਰਜ਼ ਲਾਹ ਕੇ ਤੇਈ ਏਕੜ ਲੈ ਲਈ।

"ਪੈਸਾ ਗੰਠ ਤੇ ਬਾਣੀ ਕੰਠ"

ਸੰਨ ੧੯੬੪ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਉਤਸਵ ਤੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਬਰਦਵਾਨ ਪੰਥ ਦਾ ਪ੍ਰਸਿੱਧ ਢਾਡੀ ਜਥਾ ਗੁਰਪੁਰਵਾਸੀ ਅਵਤਾਰ ਸਿੰਘ ਭੌਰਾ ਜੀ ਆਏ।ਉਨ੍ਹਾਂ ਨਾਲ ਇਕ ਢਾਡੀ ਸੀ ਜੋਗਿਦੰ ਰ ਸਿੰਘ ਜੋਗੀ, ਜੋ ਕਿ ਹਰਮੋਨੀਅਮ ਨਾਲ ਗੀਤ ਵੀ ਗਾਉਂਦਾ ਸੀ। ਸੱਠਵਿਆਂ ਵਿਚ ਢਾਡੀਆਂ ਨੇ ਆਮ ਹੀ ਹਰਮੋਨੀਅਮ ਢੋਲਕ ਜਾਂ ਤਬਲਾ ਨਾਲ ਰੱਖੇ ਹੁੰਦੇ ਸਨ। ਰਾਤ ਦਾ ਦੀਵਾਨ ਸੀ, ਮੈਂ ਸਟੇਜ਼ ਸੈਕਟਰੀ ਸਾਂ। ਉਹਨਾਂ ਇਕ ਢਾਡੀ ਚੀਜ਼ ਬੋਲ ਕੇ ਮਾਸਟਰ ਦਰਸ਼ਨ ਸਿੰਘ ਕੋਮਲ ਜੀ ਦੀ ਲਿਖੀ ਧਾਰਮਿਕ ਗਜ਼ਲ ਗਾਈ, ਜਿਸਦੇ ਬੋਲ ਸਨ,

"ਗੁਜਰੀ ਮਾਂ ਦੇ ਚਾਨਣਾ ਵੇ ਕੁੱਲ ਅੰਧੇਰਾ ਦੂਰ ਕਰਦੇ। ਕਰ ਉਠੇ ਸੰਸਾਰ ਜਗਮਗ ਹਰ ਥਾਂ ਨੂਰੋ ਨੂਰ ਕਰਦੇ।"

ਕਰਨੀ ਵਾਹਿਗੁਰੂ ਦੀ ਜਦੋਂ ਹੀ ਉਨ੍ਹਾਂ ਇਹ ਬੋਲ ਬੋਲੇ ਤਾਂ ਬਿਜਲੀ ਚਲੇ ਗਈ। ਉਨ੍ਹਾਂ ਹਰਮੋਨੀਅਮ ਤੇ ਵੱਡੀ ਸਾਰੀ ਕਾਪੀ ਰੱਖੀ ਹੋਈ ਸੀ। ਜ਼ਬਾਨੀ ਉਨ੍ਹਾਂ ਨੂੰ ਇਹ ਗਜ਼ਲ ਯਾਦ ਨਹੀਂ ਸੀ। ਹਨੇਰਾ ਹੀ ਹਨੇਰਾ ਹੋ ਗਿਆ। ਖੜ੍ਹੇ ਪੈਰ ਰੌਸ਼ਨੀ ਦਾ ਕੋਈ ਬੰਦੋ ਬਸਤ ਨਾ ਹੋ ਸਕਿਆ। ਉਸਨੇ ਏਹੀ ਪੰਕਤੀ ਚਾਰ ਪਜੰ ਵਾਰ ਕਹੀ, "ਗੁਜਰੀ ਮਾਂ ਦੇ ਚਾਨਣਾ ਵੇ..... ਪਿਛਿਓਂ ਇਕ ਟਰੱਕ ਡਰਾਈਵਰ ਆਇਆ ਉਸਨੇ ਪੰਜ ਰੁਪਏ ਦੇ ਕੇ ਕਿਹਾ ਕਿ ਇਹ ਹਨੇਰਾ ਗੁਜਰੀ ਦੇ ਚੰਨ ਨੇ ਨਹੀਂ ਬਿਜਲੀ ਨੇ ਦੂਰ ਕਰਨਾ ਹੈ, ਤੁਹਾਨੂੰ ਕੁਝ ਜੁਬਾਨੀ ਯਾਦ ਹੈ ਤਾਂ ਸੁਣਾਓ। ਦੀਵਾਨ ਵਿਚ ਹਾਸੜ ਮਚ ਗਈ। ਬਾਦ ਵਿਚ ਭਾਵੇਂ ਬਿਜਲੀ ਆ ਗਈ ਪਰ ਮੁੜਕੇ ਢਾਡੀ ਜੱਥੇ ਦਾ ਪ੍ਰੋਗਰਾਮ ਜੰਮ ਨਾ ਸਕਿਆ। ਇਸ ਤੋਂ ਵੀ ਮਾੜੀ ਘਟਨਾ ਮੇਰੇ ਨਾਲ ਮੇਰੇ ਆਪਣੇ ਪਿੰਡ ਦੁਸਾਂਝ ਕਲਾਂ ਵਾਪਰੀ। ਮੈਂ ਮਿਸ਼ਨਰੀ ਕਾਲਜ ਤੋਂ ਆਕੇ ਢਾਡੀ ਜਥਾ ਬਣਾ ਲਿਆ। ਸਕੂਲੇ ਪੜ੍ਹਾਉਂਦਾ ਵੀ ਸਾਂ, ਤੇ ਨੇੜੇ ਪਿੰਡਾਂ ਦੇ ਪ੍ਰੋਗਰਾਮ ਵੀ ਲਾਉਂਦਾ ਸਾਂ। ਪਹਿਲਾਂ ਮੇਰੇ ਪਿੰਡ ਦਾ ਹੀ ਜਥਾ ਮੇਰੇ ਨਾਲ ਰਿਹਾ ਫੇਰ ਦੂਸਰੇ ਪਿੰਡਾਂ ਦੇ ਢਾਡੀ ਮੇਰੇ ਨਾਲ ਆ ਗਏ। ਇਹ ਜ਼ਿਕਰ ਦਸੰਬਰ ੧੯੬੨ ਈ: ਦਾ ਹੈ। ਸਾਡੇ ਪਿੰਡ ਉਦੋਂ ਦੋ ਗੁਰਪੁਰਬ ਮਨਾਏ ਜਾਂਦੇ ਸਨ। ਗੁਰੂ ਨਾਨਕ ਦੇਵ ਜੀ ਦਾ ਗੁਰਪੁਰਬ ਗੁਰੂ ਹਰਿ ਰਾਇ ਖਾਲਸਾ ਗਰਲਜ਼ ਹਾਈ ਸਕੂਲ ਦੇ ਗੁਰਦੁਆਰੇ ਤੇ ਗੁਰੂ ਗੋਬਿੰਦ ਸਿੰਘ ਜੀ ਦਾ ਧਰਮ ਦੁਆਰੇ। ਉਸ ਸਾਲ ਧਰਮਦੁਆਰੇ ਦੀ ਕਮੇਟੀ ਨੇ ਮੇਰਾ ਜਥਾ ਬੁੱਕ ਕਰ ਲਿਆ। ਰਾਤ ਦਾ ਦੀਵਾਨ ਸੀ। ਬਹੁਤ ਇਕੱਠ ਸੀ।ਪਰ ਮੇਰਾ ਜਥਾ ਅਜੇ ਆਇਆ ਨਹੀਂ ਸੀ। ਉਨ੍ਹਾਂ ਨਾਲ ਦੇ ਪਿੰਡ ਜੱਸੋਮਜਾਰੇ ਨਗਰ ਕੀਰਤਨ ਨਿਭਾ ਕੇ ਆਉਣਾ ਸੀ। ਅਖੀਰ ਉਹ ਆ ਗਏ ਤੇ ਸਾਜ਼ ਖੋਹਲ ਲਏ ਜਦੋਂ ਸਾਰੰਗੀ ਮਾਸਟਰ ਰਤਨ ਸਿੰਘ ਭਰੋਲੀ ਨੇ ਸਾਰੰਗੀ ਤੇ ਗਜ ਫੇਰਿਆ ਤਾਂ ਮੈਨੂੰ ਖਤਰਾ ਭਾਸਿਆ ਕਿ ਇੰਨਾ ਉਚਾ ਅਲੰਕਾਰ ਕਿਵੇਂ ਕਰਨਗੇ? ਦੋਵੇਂ ਢਾਡੀ ਹੀ ਆਪਦੇ ਸਮੇਂ ਦੇ ਵਧੀਆ ਢਾਡੀ ਸਨ ਬਖਸ਼ੀਸ਼ ਸਿੰਘ ਕੋਟ ਫਤੂਹੀ ਤੇ ਅਜੀਤ ਸਿੰਘ ਜੀਂਦੋਵਾਲ।

ਅਲੰਕਾਰ ਕਰਨ ਲੱਗੇ ਸਾਰੰਗੀ ਮਾਸਟਰ ਕੁਝ ਉਕ ਗਿਆ ਤਾਂ ਅਜੀਤ ਸਿੰਘ ਕਹਿਣ ਲੱਗਾ ਕਿ "ਸੰਭਲ ਕੇ ਭਾਈ।" ਇਸ ਗੱਲ ਦਾ ਰਤਨ ਸਿੰਘ ਨੇ ਵੱਟ ਖਾਧਾ ਤੇ ਅਲੰਕਾਰ ਕਰਨ ਤੋਂ ਬਾਦ ਜਦੋਂ ਮੈਂ ਲੈਕਚਰ ਕਰਨ ਲੱਗਾ ਤਾਂ ਉਸ ਨੇ ਸਾਰੰਗੀ ਹੋਰ ਉੱਚੀ ਕਰ ਦਿੱਤੀ। ਮੈਂ ਸਰਸਾ ਕੰਢੇ ਦਾ ਨਕਸ਼ਾ ਬੰਨ੍ਹ ਕੇ ਅਮਰ ਸਿੰਘ ਸ਼ੌਕੀ ਦੀ ਰਚਨਾ, "ਛੋਟੇ ਲਾਲ ਦੋ ਪਿਆਰੇ....." ਸਵਾਲ ਜੁਬਾਬ ਮਾਤਾ ਗੁਜਰੀ ਜੀ ਤੇ ਛੋਟੇ ਸਾਹਿਬਜਾਦਿਆਂ ਦੇ ਢੁਕਾ ਦਿੱਤੀ। ਹੁਣ ਸਾਜ਼ ਵੱਜੀ ਜਾਣ ਗਾਵੇ ਕੋਈ ਵੀ ਨਾ। ਮੈਂ ਫਿਰ ਮਾਈਕ ਤੇ ਆ ਗਿਆ ਤੇ ਕਿਹਾ ਕਿ ਸ਼ੌਕੀ ਜੀ ਦੀ ਇਹ ਰਚਨਾ ਬੜੀ ਵੈਰਾਗ ਮਈ ਹੈ ਤੇ ਸਾਰੰਗੀ ਬਹੁਤ ਉੱਚੀ ਹੈ ਮੈਂ ਬੇਨਤੀ ਕਰਦਾ ਹਾਂ ਕਿ ਸਾਜ ਥੋੜਾ ਨੀਵਾਂ ਕਰ ਲੈਣ ਮਾਸਟਰ ਜੀ। ਪਰ ਕੋਈ ਅਸਰ ਨਾ ਹੋਇਆ ਜਦੋਂ ਮੈਂ ਮਾਈਕ ਤੋਂ ਪਿੱਛੇ ਹੱਟਿਆ ਤਾਂ ਸਾਰੰਗੀ ਵਾਲਾ ਮੋਹਰੇ ਆਕੇ ਕਹਿਣ ਲੱਗਾ, "ਮੈਂ ਅਲੰਕਾਰ ਵਿਚ ਥੋੜ੍ਹਾ ਉਖੜ ਗਿਆ ਤਾਂ ਇਨ੍ਹਾਂ ਦੋਹਾਂ ਭੈਰ ਮਿੱਟੀ ਚੁੱਕ ਲਈ। ਹੁਣ ਤਾਂ ਰਤਨ ਸਿੰਘ ਦੀ ਸਾਰੰਗੀ ਇਥੇ ਹੀ ਵੱਜੂ ਗਾਉਣਾ ਨਾ ਮਨਜ਼ੂਰ।" ਸੰਗਤ ਵਿਚ ਹਾਸੜ ਮੱਚ ਗਈ। ਮੈਂ ਮਾਈਕ ਤੇ ਮਾਫ਼ੀ ਮੰਗ ਕੇ ਫਤਹ ਬੁਲਾ ਦਿੱਤੀ ਤੇ ਬਹਿ ਗਿਆ। ਨਾਲ ਹੀ ਜੱਥੇ ਨੂੰ ਹਮੇਸ਼ਾਂ ਲਈ ਅਲਵਿਦਾ ਕਹਿ ਦਿੱਤਾ। ਬਹੁਤ ਰੌਲਾ ਪੈ ਗਿਆ ਦੀਵਾਨ ਵਿਚ। ਇਕ ਭੈਣ ਜੀ ਸਵਰਨ ਜੋ ਲੜਕੀਆਂ ਦੇ ਸਕੂਲ ਪੜ੍ਹਾਉਂਦੇ ਸਨ। ਉਹ ਮਾਈਕ ਉਪਰ ਆ ਗਏ ਤੇ ਬੜੀ ਗਰਜ਼ਵੀਂ ਅਵਾਜ਼ ਵਿਚ ਕਹਿਣ ਲੱਗੇ, "ਸਾਧ ਸੰਗਤ ਜੀ ਢਾਡੀਆਂ ਨੇ ਗਲਤੀ ਕੀਤੀ ਹੈ ਤਾਂ ਇਸ ਵਿਚ ਆਪਣੇ ਕੇਵਲ ਸਿੰਘ ਦਾ ਕੀ ਕਸੂਰ ਹੈ। ਕੀ ਇਹ ਜ਼ਰੂਰੀ ਹੈ ਕਿ ਢਾਡੀ ਹੀ ਸੁਣਨੇ ਹਨ? ਇਸ ਕੋਲੋਂ ਗੁਰੂ ਜੀ ਦਾ ਜੀਵਨ ਸੁਣੀਏ ਸੋ ਸਾਰੇ ਚੁੱਪ ਚਾਪ ਬੈਠਣ ਦੀ ਕਿਰਪਾਲਤਾ ਕਰਨ।" ਮੈਂ ਇਕ ਘੰਟਾ ਲੈਕਚਰ ਦਿੱਤਾ ਜੋ ਬਹੁਤ ਹੀ ਵਧੀਆ ਰਿਹਾ ਤੇ ਸਾਰਿਆਂ ਨੇ ਭਰਪੂਰ ਪ੍ਰਸੰਸਾ ਕੀਤੀ। ਬਾਦ ਵਿਚ ਪਤਾ ਲੱਗਾ ਕਿ ਇਹ ਸਾਰੀ ਸ਼ਰਾਬ ਦੀ ਮਿਹਰਬਾਨੀ ਸੀ। ਬਰਦਵਾਨ (ਬੰਗਾਲ) ਤੋਂ ਮੈਂ ਜਨਵਰੀ ੧੯੬੫ ਵਿਚ ਪਿੰਡ ਆ ਗਿਆ। ਬਾਪੂ ਜੀ ਮੇਰੀ ਹੀ ਉਡੀਕ ਕਰ ਰਹੇ ਸਨ। ਅਸੀਂ ਦੋਵੇਂ ਪਿਉ ਪੁੱਤਰ ਘਰੋਂ ਜ਼ਮੀਨ ਵੇਖਣ ਲਈ ਨਿਕਲ ਤੁਰੇ। ਆਖਰ ਵਿਚ ਸਾਨੂੰ ਪਿੰਡ ਹੀਂਗਾਖੇੜੀ ਜ਼ਿਲ੍ਹਾ ਕਰਨਾਲ (ਹੁਣ ਕੁਰਕਸ਼ੇਤਰ) ਵਿਚ ਤੇਈ ਏਕੜ ਜ਼ਮੀਨ ਦਾ ਇਕ ਟੋਟਾ ਮਿਲ ਹੀ ਗਿਆ ਤੇ ਅਸੀਂ ਮਈ ੧੯੬੫ ਵਿਚ ਰਜਿਸਟਰੀ ਕਰਵਾ ਕੇ ਪਰਿਵਾਰ ਸਮੇਤ ਇਥੇ ਆ ਗਏ।

## ਧੰਨਵਾਦ ਸਹਿਤ ਪਾਠਕਾਂ ਦੇ ਧਿਆਨ ਹਿੱਤ !

ਅਦਾਰਾ 'ਪੰਜਾਬ ਲਿੰਕ' ਆਪਣੇ ਪਾਠਕਾਂ ਦਾ ਬਹੁਤ ਧੰਨਵਾਦੀ ਹੈ ਜਿਹਨਾਂ ਪਿਛਲੇ ਲੰਬੇ ਸਮੇਂ ਤੋਂ ਸ. ਹਰਚੰਦ ਸਿੰਘ ਬਾਗੜੀ ਜੀ ਦੇ ਮਹਾਂਕਾਵਿ 'ਕਿਸ ਬਿਧਿ ਲਈ ਆਜ਼ਾਦੀ' ਨੂੰ ਬੜੇ ਉਤਸ਼ਾਹ ਅਤੇ ਸਤਿਕਾਰ ਨਾਲ ਲੜੀਵਾਰ ਪੜ੍ਹਿਆ ਅਤੇ ਸਾਨੂੰ ਅਜਿਹੇ ਹੋਰ ਲੜੀਵਾਰ ਸਾਹਿਤ ਦੀ ਸੇਵਾ ਕਰਨ ਲਈ ਉਤਸ਼ਾਹਿਤ ਕੀਤਾ। ਅਸੀਂ ਇਨ੍ਹਾਂ ਕਾਲਮਾਂ ਵਿਚ ਨਾਮਵਰ ਅਤੇ ਸਤਿਕਾਰਯੋਗ ਸ਼ਖਸੀਅਤ ਗਿਆਨੀ ਕੇਵਲ ਸਿੰਘ ਨਿਰਦੋਸ਼ ਜੀ ਦੀ ਸਵੈ-ਜੀਵਨੀ ਲੜੀਵਾਰ ਛਾਪਣ ਦੀ ਖੁਸ਼ੀ ਲੈਣ ਜਾ ਰਹੇ ਹਾਂ। ਅਸੀਂ ਆਸ ਕਰਦੇ ਹਾਂ ਕਿ ਸਤਿਕਾਰਯੋਗ ਪਾਠਕ ਪਹਿਲਾਂ ਦੀ ਤਰ੍ਹਾਂ ਸਾਨੂੰ ਮਾਣ ਬਖਸ਼ਣਗੇ।



ਨਿਰਦੋਸ਼ ਸਾਹਿਬ ਬਾਰੇ ਅਤੇ ਉਨ੍ਹਾਂ ਦੀ ਸਵੈ-ਜੀਵਨੀ ਬਾਰੇ ਦੋ ਸ਼ਬਦ ਲਿਖਦਿਆਂ ਡਾ. ਪੂਰਨ ਸਿੰਘ (ਸੰਪਾਦਕ, ਸਿੱਖ ਮਾਰਗ) ਲਿਖਦੇ ਹਨ, "ਗਿਆਨੀ ਜੀ ਨੇ ਯਤਨ ਕੀਤਾ ਹੈ ਕਿ ਉਨ੍ਹਾਂ ਨੇ ਆਪਣੇ ਜੀਵਨ ਵਿਚ ਜੋ ਹੰਢਾਇਆ, ਉਸ ਨੂੰ ਕਲਮਬੰਦ ਕੀਤਾ। ਇਹ ਵੀ ਜ਼ਰੂਰੀ ਨਹੀਂ ਕਿ ਸਾਰੇ ਪਾਠਕ ਗਿਆਨੀ ਜੀ ਵੱਲੋਂ ਸਵੈ-ਜੀਵਨੀ ਅੰਦਰ ਦਿੱਤੇ ਤੱਥਾਂ ਨਾਲ ਸਹਿਮਤ ਹੋਣਗੇ ਪਰ ਉਹਨਾਂ ਨੇ ਸੱਚੋ-ਸੱਚ ਲਿਖ ਦਿੱਤਾ ਹੈ। ਕਈ ਥਾਈਂ ਉਹਨਾਂ ਵੱਲੋਂ ਸਵੈ-ਗਾਥਾ ਰੌਚਕਮਈ ਤੇ ਸੰਘਰਸ਼ਮਈ ਵੀ ਹੈ। ਉਹ ਅਨੇਕਾਂ ਵਾਰ ਥਿੜਕਦੇ-ਥਿੜਕਦੇ ਵੀ ਭਾਣੇ ਨੂੰ ਮੰਨਦੇ ਰਹੇ। ਕਈ ਵਾਰ ਸੰਕਟਾਂ ਤੋਂ ਮੁਕਤ ਹੋਣ ਲਈ ਸੂਝ-ਬੂਝ ਤੇ ਠਰ੍ਹੰਮਾ ਬਹੁਤ ਜ਼ਰੂਰੀ ਹੈ। ਪਰ ਰੱਬੀ ਭਾਣੇ ਨੂੰ ਖਿੜੇ ਮੱਥੇ ਪ੍ਰਵਾਨ ਕਰਨਾ ਹੈ। ਮੈਂ ਗਿਆਨੀ ਜੀ ਦੀ ਚੰਗੀ ਸਿਹਤ ਲਈ ਕਾਮਨਾ ਕਰਦਾ ਹਾਂ ਤਾਂ ਜੋ ਉਹ ਨਿਰੰਤਰ ਆਪਣੀ ਕਲਮ ਤੇ ਪ੍ਰਚਾਰ ਨਾਲ ਪੰਥ ਦੀ ਸੇਵਾ ਕਰਦੇ ਰਹਿਣ। ਉਹਨਾਂ ਵੱਲੋਂ ਢਾਈ ਦਰਜਨਾਂ ਪੁਸਤਕਾਂ ਲਿਖ ਦੇਣੀਆਂ ਕੌਮ ਪ੍ਰਤੀ ਵੱਡੀ ਸੇਵਾ ਹੈ।"

**—ਅਮਰਜੀਤ ਸਿੰਘ**

49 YEARS OF EXCELLENCE
THE LINK GROUP
PUNJAB LINK
ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM


Rakesh Puri
604-377-4085


Amarjit Singh
778-908-0523


Hardam S. Maan
604-308-6663


Shashi Madan
604-367-5611

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7

ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।


ਸਪੈਸ਼ਲ ਸੈਲ !
www.dream-carpets.com
dream carpets
Shaw FLOORS
Ansonylon
STAINMASTER CARPET
ClearTouch
from $1.98 SF
Berber Installed
Textured Saxony Installed
from $2.28 SF
Laminate Floor
8.3mm thick
25 years warranty
Click Do It Yourself
German technology
.99 cent
Commercial Carpet
Starts From .78 cent
Berber
Starts From .78 cent
Area Rug (5x8)
Starts From $68
ਘੱਟ ਕੀਮਤਾਂ ਦੀ ਗਰੰਟੀ ਕਰਦੇ ਹਾਂ
Where The Builders Buy!
NEW HOME SPECIALISTS
NOBODY KNOWS FLOORING LIKE DREAM CARPETS
SERVING WESTERN CANADA FOR OVER 38 YEARS
VANCOUVER
815 Terminal Ave.
604-687-5888
Monday to Saturday
9:00-5:30
Sunday 11:00-5:00
Ashok
SURREY / DELTA
8385 - 120th Street
604-572-8788
Monday to Saturday
9:00-5:30
Sunday Closed
Perry
RICHMOND
12180 Bridgeport Rd.
604-273-7888
Monday to Saturday
9:00-5:30
Sunday 11:00-5:00
Butch

# ਕਲਾਸੀਫਾਈਡ ਅਤੇ ਮੈਟਰੀਮੋਨੀਅਲ

ਸਿਰਫ $10 ਖਰਚਾ ਸੰਪਰਕ : ਹਰਦਮ ਸਿੰਘ ਮਾਨ : 604-308-6663

## MATRIMONIALS

### ਲੜਕੀ ਦੀ ਲੋੜ

ਕੈਨੇਡਾ ਵਿੱਚ ਪੀ.ਆਰ. ਜੱਟ ਸਿੱਖ ਲੜਕਾ, ਉਮਰ 35 ਸਾਲ , ਕੱਦ 5'9", ਕਲੀਨ ਸ਼ੇਵ, ਲੜਕੇ ਦਾ ਅਪਣਾ ਕਿਚਨ ਕੈਬੀਨਿਟ ਦਾ ਬਿਜਨਸ ਵਾਸਤੇ ਕੈਨੇਡਾ ਪੀਆਰ, ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ।ਸੰਪਰਕ-604-710-7593

****************

ਕੈਨੇਡਾ 'ਚ ਰਹਿ ਰਿਹਾ ਪੀ ਆਰ ਜੱਟ ਸਿੱਖ ਸਿੱਧੂ ਲੜਕਾ ਉਮਰ 32 ਸਾਲ, ਕੱਦ 6 ਫੁੱਟ 1 ਇੰਚ ਵਾਸਤੇ ਕੈਨੇਡਾ ਦੀ ਇੰਮੀਗਰਾਂਟ/ਸਿਟੀਜ਼ਨ ਲੜਕੀ ਦੀ ਲੋੜ ਹੈ। ਵਿਜ਼ਟਰ ਜਾਂ ਪੜ੍ਹਾਈ ਲਈ ਆਈ ਲੜਕੀ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ।ਹੋਰ ਜਾਣਕਾਰੀ ਲਈ ਸੰਪਰਕ ਨੰਬਰ 604-832-2564

****************

ਜੱਟ ਸਿੱਖ ਉਮਰ 24 ਸਾਲ, ਕੱਦ 5 ਫੁੱਟ 6 ਇੰਚ ਜਿਸਨੇ ਇੰਡੀਆ 'ਚ ਪਿਛਲੇ ਸਾਲ Bachelor of Multimedia ਦੀ ਡਿਗਰੀ ਕੀਤਾ ਹੈ। ਮਾ-ਪਿਓ ਡੇਟਲਾ ਬ੍ਰਿਟਿਸ਼ ਕੋਲੋਂਬੀਆ, ਕੈਨੇਡਾ 'ਚ ਪੀ.ਆਰ. ਹਨ। ਇੰਡੀਆ ਅਤੇ ਕੈਨੇਡਾ 'ਚ ਕੋਈ ਪ੍ਰਾਪਰਟੀ ਨਹੀਂ।ਲੜਕਾ ਚੰਗੇ ਸੁਭਾਅ ਦੇ ਨਾਲ ਨਾਲ Non-Drinker ਵੀ ਹੈ।
ਹੋਰ ਜਾਣਕਾਰੀ ਲਈ ਸੰਪਰਕ ਨੰਬਰ **604-347-5271**

****************

ਜੱਟ ਸਿੱਖ ਚਾਹਲ ਉਮਰ 23 ਸਾਲ, ਕੱਦ 6'1", 12ਵੀਂ ਪਾਸ, ਹੈਵੀ ਡਰਾਈਵਿੰਗ ਲਾਇਸੰਸ ਹੋਲਡਰ, ਇੰਡੀਆ ਵਿਚ ਆਪਣਾ ਬਿਜਨਸ ਕਰਦੇ ਲੜਕੇ ਲਈ ਕੈਨੇਡੀਅਨ ਪੀ.ਆਰ. ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਵੱਡੀ ਭੈਣ ਹੈ ਜੋ ਕੈਨੇਡਾ ਵਿਚ ਸੈਟਲ ਹੈ। ਚਾਹਵਾਨ ਸੰਪਰਕ ਕਰਨ- 604-842-4990, +91-98550-00731 (ਸਿਰਫ ਵਟਸਐਪ)

****************

ਜੱਟ ਸਿੱਖ ਉਮਰ 29 ਸਾਲ, ਕੱਦ 5 ਫੁੱਟ 11 ਇੰਚ, ਗਰੇਜੁਏਟ, ਫੈਮਿਲੀ ਬਿਜਨਸ ਵਿੱਚ ਮੈਨੇਜਰ, ਇੰਡੀਆ' ਚ ਰਹਿੰਦੇ ਲੜਕੇ ਲਈ ਕੈਨੇਡਾ 'ਚ ਸਟਡੀ ਵੀਜਾ ਜਾਂ ਪੀ.ਆਰ. ਲੜਕੀ ਦੀ ਲੋੜ ਹੈ। ਜੇਕਰ ਲੋੜ ਪਵੇ ਤਾਂ ਪੜ੍ਹਾਈ ਦੇ ਖਰਚੇ ਦੀ ਮਦਦ ਵੀ ਕਰ ਸਕਦੇ ਹਾਂ। ਲੜਕੇ ਦੀਆਂ ਦੋ ਭੈਂਣਾ ਵਿੱਚੋ ਇਕ ਕੈਨੇਡਾ 'ਚ ਪੀ.ਆਰ. ਹੈ।
ਚਾਹਵਾਨ ਸਪੰਰਕ ਕਰੋ-ਫੋਨ ਨੰਬਰ 77837 89444

****************

ਜੱਟ ਸਿੱਖ ਬਰਾੜ ਲੜਕਾ ਕਨੇਡੀਅਨ ਸਿਟੀਜ਼ਨ, ਉਮਰ 28, ਕੱਦ 6' ਲਈ ਕੈਨੇਡੀਅਨ ਸਿਟੀਜ਼ਨ / ਵਿਜ਼ੀਟਰ / ਸਟੱਡੀ ਵੀਜ਼ਾ ਲੜਕੀ ਦੀ ਲੋੜ ਹੈ। ਵੈਨਕੋਵਰ ਅਤੇ ਕੈਲਗਰੀ ਨੂੰ ਪਹਿਲ। ਹੋਰ ਜਾਣਕਾਰੀ ਲਈ ਸੰਪਰਕ ਕਰੋ: 604-818-5780

****************

ਜੱਟ ਪਰਿਵਾਰ ਦਾ ਲੜਕਾ ਉਮਰ 30 ਸਾਲ, ਕੱਦ 5'-8" ਨਸ਼ਾ ਰਹਿਤ, ਕਲੀਨ ਸ਼ੇਵ ਅਤੇ ਕਨੇਡੀਅਨ ਸਿੱਟੀਜ਼ਨ ਵਾਸਤੇ ਲੜਕੀ ਦੀ ਲੋੜ ਹੈ। ਪਰਿਵਾਰ ਕੈਨੇਡਾ ਵਿੱਚ ਵਧੀਆ ਸੈਟ ਹੈ। ਵਧੇਰੇ ਜਾਣਕਾਰੀ ਲਈ ਫੋਨ: 604-655-3336 ਜਾਂ
ਈਮੇਲ ਕਰੋ- happy9284@yahoo.com

****************

ਸ਼ਰਮਾ, ਕੈਨੇਡੀਅਨ ਸੀਟੀਜ਼ਨ 48 ਸਾਲਾਂ, 6 ਫੁੱਟ ਲੰਬੇ ਤਲਾਕਸ਼ੁਦਾ ਲਈ ਲੜਕੀ ਦੀ ਲੋੜ ਹੈ। ਤਲਾਕਸ਼ੁਦਾ, ਵਿਧਵਾ, ਬੱਚਿਆ ਦੇ ਨਾਲ, ਵਰਕ ਪਰਮਿਟ, ਵਿਜ਼ਟਰ ਵੀਜ਼ਾ ਵਾਲੇ ਵੀ ਸੰਪਰਕ ਕਰ ਸਕਦੇ ਹਨ। ਧਰਮ-ਜਾਤ ਦਾ ਕੋਈ ਬੰਧਨ ਨਹੀ।
ਫੋਨ ਨੰਬਰ-778-957-1670

****************

ਇੰਡੀਆ ਵਿਚ ਸਰਵਿਸ ਕਰ ਰਹੀ ਜੱਟ ਸਿੱਖ ਲੜਕੀ, ਜਨਮ 1987, ਕੱਦ 5'3", Msc, MCA ਲਈ ਇੰਡੀਆ ਵਿਚ ਨੌਕਰੀਸ਼ੁਦਾ (ਜ਼ਮੀਨ ਜਾਇਦਾਦ ਵਾਲੇ) ਜਾਂ ਕੈਨੇਡਾ, ਅਮਰੀਕਾ ਦੇ ਸਿਟੀਜ਼ਨ/ਪੀ.ਅਰ. ਲੜਕੇ ਦੀ ਲੋੜ ਹੈ। ਸੰਪਰਕ ਫੋਨ ਨੰਬਰ 236-881-7405

****************

27 ਸਾਲਾਂ 5'-7" ਵਰਕ ਪਰਮਿਟ 'ਤੇ ਆਏ ਲੜਕੇ ਲਈ ਪੀ.ਆਰ. ਜਾਂ ਸਟੂਡੈਂਟ ਲੜਕੀ ਦੀ ਲੋੜ ਹੈ।ਸੰਪਰਕ-604-763-3541.

## MATRIMONIALS

### ਲੜਕੇ ਦੀ ਲੋੜ

20 ਸਾਲਾਂ ਤੋਂ ਬੀ ਸੀ ਵਿਚ ਰਹਿ ਰਹੇ ਜੱਟ ਸਿੱਖ ਪਰਿਵਾਰ (ਦੁਆਬਾ ਇਲਾਕਾ) ਨੂੰ ਆਪਣੀ ਕੈਨੇਡੀਅਨ ਸਿਟੀਜ਼ਨ ਬੇਟੀ, ਜਨਮ ਦਸੰਬਰ 1994,ਕੱਦ 5 ਫੁੱਟ 3 ਇੰਚ, BCIT ਤੋਂ 2 YEARS IT DIPLOMA Holder, ਜੌਬ ਕਰ ਰਹੀ ਲਈ, ਬੀ ਸੀ ਲੋਅਰ ਮੇਨਲੈਂਡ ਤੋਂ, ਪੀ ਆਰ ਜਾਂ ਸਿਟੀਜ਼ਨ, ਜੱਟ ਸਿੱਖ 26 ਤੋਂ 29 ਸਾਲਾਂ ਦੇ ਪੜ੍ਹੇ ਲਿਖੇ, ਵੈੱਲ ਸੈਟਲਡ ਅੰਮ੍ਰਿਤਧਾਰੀ ਜੀਵਣ ਸਾਥੀ ਦੀ ਲੋੜ ਹੈ। ਇਚਣਟ ਫਹੋਟੋ ਅਨਦ ਬੋਦਿਓਟਓ ਲਈ ਮਾਪਿਆਂ ਨਾਲ ਸੰਪਰਕ ਕਰੋ- ਵਟਸਐਪ ਅਤੇ ਕਾਲ : 778-801-9037
talwanid@hotmial.ca

****************

34 ਸਾਲਾਂ 5'-3" M.A. B.Ed. ਨੈਨੀ ਵਰਕ ਪਰਮਿਟ 'ਤੇ ਕੈਨੇਡਾ ਰਹਿ ਰਹੀ ਸਿੱਖ ਲੜਕੀ ਲਈ ਪੀ.ਆਰ. ਲੜਕੇ ਦੀ ਲੋੜ ਹੈ।ਸੰਪਰਕ- 604-763-3541.

****************

### ਲੜਕੇ ਦੀ ਲੋੜ

ਵੈਨਕੂਵਰ ਵਾਸੀ, ਜੱਟ ਸਿੱਖ ਸਿੱਧੂ ਕੈਨੇਡੀਅਨ ਜੰਮਪਲ ਲੜਕੀ, 1981, ਕੱਦ 5'2", ਯੂਨੀਵਰਸਿਟੀ ਗਰੈਜੂਏਟ, ਸੀਨੀਅਰ ਮਾਰਕੀਟਿੰਗ ਮੈਨੇਜਰ ਲਈ ਕੈਨੇਡਾ ਦੇ ਜੰਮਪਲ, ਪ੍ਰੋਫੈਸ਼ਨਲ ਜੌਬ ਕਰਦੇ ਲੜਕੇ ਦੀ ਲੋੜ ਹੈ। ਗਰੇਟਰ ਵੈਨਕੂਵਰ ਏਰੀਆ ਨੂੰ ਤਰਜੀਹ ਦਿੱਤੀ ਜਾਵੇਗੀ। ਹੋਰ ਜਾਣਕਾਰੀ ਲਈ ਸੰਪਰਕ ਕਰੋ- 604-319-0662, Email: dharam.sidhu@yahoo.com

****************

### ਲੜਕੀ ਦੀ ਲੋੜ

ਜੱਟ ਸਿੱਖ ਕੈਨੇਡੀਅਨ ਸਿਟੀਜ਼ਨ ਲੜਕਾ, 29 ਸਾਲਾਂ, ਕੱਦ 5 ਫੁੱਟ 7", ਕੈਨੇਡਾ ਪੋਸਟ 'ਚ ਫੁੱਲ ਟਾਇਮ ਜੌਬ ਕਰਦੇ, ਮੌਰਗੇਜ ਅਡਵਾਈਜ਼ਰ ਲਾਇਸੰਸ ਹੋਲਡਰ ਅਤੇ ਰਿਅਲ ਅਸਟੇਟ ਕੰਪਨੀ 'ਚ ਪਾਰਟ ਟਾਇਮ ਜੌਬ ਕਰਦੇ, ਨਸ਼ਿਆਂ ਤੋਂ ਰਹਿਤ, ਲੈਂਡਲੋਰਡ,ਅਰਬਨ ਪ੍ਰਾਪਰਟੀ ਅਤੇ ਐਗਰੀਕਲਚਰ ਲੈਂਡ ਦੇ ਮਾਲਕ, ਸਰੀ/ਡੈਲਟਾ 'ਚ ਆਪਣਾ ਘਰ, ਲਈ ਸੁਦੰਰ, ਸੋਬਰ, ਘਰੇਲੂ, ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਪੀ.ਆਰ ਨੂੰ ਪਹਿਲ। ਸੰਪਰਕ ਕਰੋ- 604-910-3500

****************

### ਲੜਕੀ ਦੀ ਲੋੜ

ਗੁਰਸਿੱਖ ਲੜਕਾ ਉਮਰ 34 ਸਾਲ ਕੱਦ 5'10" (ਵਰਕਪ੍ਰਮਟ) ਵਾਸਤੇ ਗੁਰਸਿੱਖ ਪੀ ਆਰ(ਵ੍ਹ) ਜਾਂ ਸਿਟਿਜ਼ਨ ਲੜਕੀ ਦੀ ਲੋੜ। ਸਪੰਰਕ:-778-903-0135

****************

ਸਰੀ ਵਿਚ ਰਹਿ ਰਹੇ ਵਰਕ ਪਰਮਿਟ ਹੋਲਡਰ ਜੱਟ ਸਿੱਖ ਗਿੱਲ ਲੜਕਾ (ਮੋਗਾ ਜ਼ਿਲਾ), ਉਮਰ 32 ਸਾਲ, ਕੱਦ 6' ਲਈ ਕੈਨੇਡੀਅਨ ਪੀ.ਆਰ. ਜਾਂ ਵਰਕ ਪਰਮਿਟ ਲੜਕੀ ਦੀ ਲੋੜ ਹੈ। ਵੈਨਕੂਵਰ ਏਰੀਆ ਨੂੰ ਪਹਿਲ। ਸੰਪਰਕ: 604-809-3121

### ਲੜਕੀ ਦੀ ਲੋੜ

ਜੱਟ ਸਿੱਖ ਲੜਕਾ, ਉਮਰ 46 ਸਾਲ, ਯੋਗਤਾ ਡਬਲ ਐਮ ਏ, ਟ੍ਰਿਪਲ ਡਿਪਲੋਮਾ, ਸਰਕਾਰੀ ਜੌਬ, 15 ਸਾਲ ਦਾ ਤਜੁਰਬਾ, ਹੁਣ ਬੀਸੀ, ਕੈਨੇਡਾ ਵਿਚ ਵਿਜਟਰ ਵੀਜ਼ੇ ਉਪਰ ਆਏ ਵਾਸਤੇ ਕੈਨੇਡੀਅਨ ਲੜਕੀ ਦੀ ਲੋੜ ਹੈ। ਲੜਕੇ ਦੀ ਪੰਜਾਬ ਵਿਚ ਆਪਣੀ ਸ਼ਹਿਰੀ ਕੋਠੀ ਤੇ ਪਿੰਡ ਵਿਚ ਜ਼ਮੀਨ ਹੈ। ਚਾਹਵਾਨ ਸੰਪਰਕ ਕਰੋ । ਫੋਨ ਨੰਬਰ- 778-598- 9013 ਜਾਂ ਇੰਡੀਆ ਵਟਸਐਪ ਨੰਬਰ 98724-39814

## EMPLOYMENTS

### ਵਰਕਰਾਂ ਦੀ ਲੋੜ

ਸਰੀ ਵਿੱਚ ਇਕ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜਰੂਰਤ ਹੈ।ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਤੱਕ ਦਿਤੀ ਜਾਵੇਗੀ। ਸਰੀ ਅਤੇ ਡੈਲਟਾ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੈ।
ਅੱਜ ਹੀ ਸੰਪਰਕ 604-307-7008

### ਇੰਸ਼ੋਰੈਂਸ ਸੇਵਾਵਾਂ

ਕਿਸੇ ਵੀ ਤਰ੍ਹਾਂ ਦੀ ਇੰਸ਼ੋਰੈਂਸ ਦੀਆਂ ਸੇਵਾਵਾਂ ਲਈ ਸੰਪਰਕ ਕਰੋ 604-377-4085

### WORKER REQUIRED

GALAXY IDP CONSTRUCTION LTD.

**Full Time Hiring Workers**

Construction painter supervisor (2)
Insulator (2)
Painter (3)

Email: galaxyinsulationdrywall@gmail.com

**Phone: 604-366-6000**

**www.gidl.ca**

### ਲੜਕੀ ਦੀ ਲੋੜ

ਵਿਕਟੋਰੀਆ, (ਬੀ.ਸੀ.) ਵਿਚ ਵੈੱਲ ਸੈਟਲਡ ਅਰੋੜਾ ਪਰਿਵਾਰ ਦਾ ਲੜਕਾ, ਕੱਦ 5'5", MBA (Canada), ਬੈਂਕ ਵਿੱਚ ਫਾਈਨੈਂਸ਼ਲ ਅਡਵਾਈਜ਼ਰ ਲਈ ਕੈਨੇਡੀਅਨ ਸਿਟੀਜ਼ਨ, ਪੀ.ਆਰ. ਜਾਂ ਵਰਕ ਪਰਮਿਟ ਲੜਕੀ ਦੀ ਲੋੜ ਹੈ।
ਵਟਸਅਪ ਨੰਬਰ 'ਤੇ ਸੰਪਰਕ ਕਰੋ: +91-88474-09314

### ਵਰ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦੀ ਸੋਹਣੀ ਸੁਨੱਖੀ ਕੈਨੇਡਾ ਦੀ ਜੰਮਪਲ ਲੜਕੀ, ਉਮਰ 34 ਸਾਲ, ਕੱਦ 5'-6", ਲਾਅ ਡਿਗਰੀ, ਲਾਅ ਫਰਮ ਨਾਲ ਕੰਮ ਕਰ ਰਹੀ ਹੈ, ਲਈ ਢੁਕਵੇਂ ਵਰ ਦੀ ਲੋੜ ਹੈ। ਲੜਕਾ ਕੈਨੇਡਾ ਦਾ ਜੰਮਪਲ, ਪੇਸ਼ੇਵਰ ਤੌਰ 'ਤੇ ਪੜ੍ਹਿਆ-ਲਿਖਿਆ ਅਤੇ ਨੌਕਰੀ ਕਰਦਾ, ਵੈੱਲ ਸੈਟਲਡ ਅਤੇ ਜੱਟ ਸਿੱਖ ਪਰਿਵਾਰ ਵਿੱਚੋਂ ਹੋਣਾ ਚਾਹੀਦਾ ਹੈ। ਸੰਪਰਕ ਕਰੋ: 1-604-834-7232 ਜਾਂ 1-604-615-8088

### ਕੰਨਿਆਂ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦਾ ਕੈਨੇਡਾ ਜੰਮਪਲ ਸੁੰਦਰ ਲੜਕਾ, ਉਮਰ 29 ਸਾਲ, ਕੱਦ 5'-11" ਵੈੱਲ-ਸੈਟਲਡ, ਆਰਕੀਟੈਕਟ ਅਤੇ ਰੀਅਲ ਅਸਟੇਟ ਦਾ ਕਾਰੋਬਾਰ ਕਰ ਰਿਹਾ ਹੈ, ਲਈ ਕੰਨਿਆਂ ਦੀ ਲੋੜ ਹੈ। ਲੜਕੀ ਕੈਨੇਡੀਅਨ ਨਾਗਰਿਕ/ਪੀ.ਆਰ. ਅਤੇ ਪੇਸ਼ੇਵਰ ਤੌਰ 'ਤੇ ਪੜ੍ਹੀ-ਲਿਖੀ ਹੋਣੀ ਚਾਹੀਦੀ ਹੈ। ਸੰਪਰਕ ਕਰੋ: 1-604-832-7232 ਜਾਂ 1 - 604-615-8088

### ਵਰ ਦੀ ਲੋੜ

ਕੈਨੇਡੀਅਨ ਸਿਟੀਜ਼ਨ ਜੱਟ ਸਿੱਖ ਬਰਾੜ, ਉਮਰ 29 ਸਾਲ, ਕੱਦ 5'6", ਦੋ ਸਾਲਾ ਬਿਜਨਸ ਡਿਪਲੋਮਾ ਅਤੇ ਇਮੀਗਰੇਸ਼ਨ ਲਾਇਸੈਂਸ ਹੋਲਡਰ, ਇੰਸ਼ੋਰੈਂਸ ਅਤੇ ਇਮੀਗਰੇਸ਼ਨ ਦਾ ਕੰਮ ਕਰ ਰਹੀ ਲੜਕੀ ਲਈ ਯੋਗ ਵਰ ਦੀ ਲੋੜ ਹੈ। ਮਾਲਵਾ ਜਾਂ ਸਰੀ ਨੂੰ ਪਹਿਲ।
ਸੰਪਰਕ: 236-591-2719 (Whats app)

### ਆਫਿਸ ਲਈ ਸਪੇਸ ਕਿਰਾਏ/ਲੀਜ਼ 'ਤੇ

500 ਫੁੱਟ ਤੋਂ 1000 ਸੁਕੂਏਅਰ ਫੁੱਟ, ਸਕੋਟ ਰੋਡ 'ਤੇ ਪਰਾਇਮ ਲੋਕੇਸ਼ਨ. ਹੋਰ ਜਾਣਕਾਰੀ ਲਈ ਕਾਲ-604-339-2389

# ਗ਼ਜ਼ਲ ਮੰਚ ਸਰੀ ਵੱਲੋਂ ਨਾਮਵਰ ਪੰਜਾਬੀ ਸ਼ਾਇਰ ਦਰਸ਼ਨ ਬੁੱਟਰ ਦਾ ਸਨਮਾਨ

ਸਰੀ (ਹਰਦਮ ਮਾਨ)-ਗ਼ਜ਼ਲ ਮੰਚ ਸਰੀ ਵੱਲੋਂ ਪੰਜਾਬ ਤੋਂ ਆਏ ਸਾਹਿਤ ਅਕਾਦਮੀ ਅਵਾਰਡ ਵਿਜੇਤਾ ਅਤੇ ਕੇਂਦਰੀ



ਪੰਜਾਬੀ ਲੇਖਕ ਸਭਾ (ਰਜਿ.) ਦੇ ਪ੍ਰਧਾਨ ਦਰਸ਼ਨ ਬੁੱਟਰ ਦੇ ਸਨਮਾਨ ਵਿਚ ਸਾਹਿਤਕ ਮਿਲਣੀ ਕੀਤੀ ਗਈ। ਗ਼ਜ਼ਲ ਮੰਚ ਦੇ ਪ੍ਰਧਾਨ ਅਤੇ ਨਾਮਵਰ ਸ਼ਾਇਰ ਜਸਵਿੰਦਰ ਨੇ ਦਰਸ਼ਨ ਬੁੱਟਰ ਨੂੰ ਜੀ ਆਇਆਂ ਕਿਹਾ। ਉਨ੍ਹਾਂ ਦੱਸਿਆ ਕਿ ਦਾਰਸ਼ਨਿਕ ਕਵਿਤਾ ਦੇ ਖੇਤਰ ਵਿੱਚ ਦਰਸ਼ਨ ਬੁੱਟਰ ਦੀ ਵੱਖਰੀ ਪਹਿਚਾਣ ਹੈ। ਉਸ ਦੇ ਸੱਤ ਕਾਵਿ ਸੰਗ੍ਰਿਹ 'ਔੜ ਦੇ ਬੱਦਲ', 'ਸਲ੍ਹਾਬੀ ਹਵਾ', 'ਸ਼ਬਦ. ਸ਼ਹਿਰ ਤੇ ਰੇਤ', 'ਖੜਾਵਾਂ', 'ਦਰਦ ਮਜੀਠੀ', 'ਮਹਾਂ ਕੰਬਣੀ' ਅਤੇ 'ਅੱਕਾਂ ਦੀ ਕਵਿਤਾ' ਪ੍ਰਕਾਸ਼ਿਤ ਹੋ ਚੁੱਕੇ ਹਨ। 'ਮਹਾਂ ਕੰਬਣੀ' ਲਈ ਉਸ ਨੂੰ ਭਾਰਤੀ ਸਾਹਿਤ ਅਕਦਾਮੀ ਪੁਰਸਕਾਰ ਮਿਲਿਆ ਹੈ ਅਤੇ ਭਾਸ਼ਾ ਵਿਭਾਗ ਪੰਜਾਬ ਵੱਲੋਂ ਸ਼ਰੋਮਣੀ ਕਵੀ ਸਨਮਾਨ ਨਾਲ ਨਿਵਾਜਿਆ ਗਿਆ ਹੈ। ਉਹ ਦੂਜੀ ਵਾਰ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਸਰਬਸਮੰਤੀ ਨਾਲ ਬਣੇ ਹਨ। ਉਹ ਪਿਛਲੇ 25 ਸਾਲਾਂ ਤੋਂ ਨਾਭਾ ਵਿਖੇ ਪੰਜਾਬੀ ਕਵਿਤਾ ਦਾ ਮਹਾਂ ਕੁੰਭ (ਨਾਭਾ ਕਵਿਤਾ ਉਤਸਵ) ਕਰਵਾਉਂਦੇ ਆ ਰਹੇ ਹਨ ਜਿੱਥੇ ਨਵੇਂ, ਪੁਰਾਣੇ ਕਵੀਆਂ ਨੂੰ ਆਪਣੀ ਕਾਵਿ ਪ੍ਰਤਿਭਾ ਦੇ ਸੰਚਾਰ ਦਾ ਮੌਕਾ ਮਿਲਦਾ ਹੈ। ਦਰਸ਼ਨ ਬੁੱਟਰ ਨੇ ਇਸ ਮੌਕੇ ਕਿਹਾ ਕਿ ਮੇਰੀ ਮਾਂ ਊੜੇ ਦੀ ਉਂਗਲ ਫੜਾ ਕੇ ਤੁਰ ਗਈ ਸੀ, ਉਸ ਦਾ ਚਿਹਰਾ ਵੀ ਮੈਨੂੰ ਯਾਦ ਨਹੀਂ ਪਰ ਉਹਦੇ ਠੂਠੀ 'ਚ ਰਗੜ ਕੇ ਪਾਏ ਹੋਏ ਸੁਰਮੇ ਦੀ ਰੜਕ ਅੱਜ ਤੱਕ ਮੇਰੀਆਂ ਅੱਖਾਂ 'ਚ ਹੈ। ਮੇਰੀ ਕਵਿਤਾ ਵਿਚ ਮਾੜੀ ਮੋਟੀ ਕੋਈ ਸੰਵੇਦਨਾ ਹੈ ਜਾਂ ਕਿਸੇ ਕਿਸਮ ਦਾ ਸਲੀਕਾ ਹੈ ਤਾਂ ਉਹ ਮੈਨੂੰ ਮੇਰੀ ਮਾਂ ਦੀ ਬਖਸ਼ਿਸ਼ ਲੱਗਦਾ ਹੈ। ਮੇਰੇ ਪਿਤਾ ਵੀ ਕਵਿਤਾ ਲਿਖਦੇ ਸਨ। ਉਨ੍ਹਾਂ ਦੀ ਸਟੇਜ ਦੀ ਕਵਿਤਾ ਮੈਨੂੰ ਬਹੁਤ ਚੰਗੀ ਲੱਗਦੀ ਸੀ। ਹੌਲੀ ਹੌਲੀ ਮੈਂ ਵੀ ਮਾੜੀ ਮੋਟੀ ਕਵਿਤਾ ਝਰੀਟਣ ਲੱਗ ਪਿਆ। ਥੋੜ੍ਹਾ ਜਿਹਾ ਘਰ ਦਾ ਮਾਹੌਲ ਮੈਨੂੰ ਇਸ ਪਾਸੇ ਲੈ ਆਇਆ ਤੇ ਫੇਰ ਮੈਨੂੰ ਅਧਿਆਪਕ ਇਸ ਤਰ੍ਹਾਂ ਦੇ ਮਿਲਦੇ ਰਹੇ, ਸਲੀਕਾ ਇਸ ਤਰ੍ਹਾਂ ਦਾ ਮਿਲਦਾ ਰਿਹਾ ਕਿ ਮੈਂ ਕਵਿਤਾ ਨਾਲ ਹੀ ਜੁੜ ਗਿਆ। ਉਨ੍ਹਾਂ ਕਿਹਾ ਕਿ ਤੁਸੀਂ ਮੈਨੂੰ ਸ਼ਰੋਮਣੀ ਕਵੀ ਕਹੋ ਜਾਂ ਭਾਰਤੀ ਸਾਹਿਤ ਅਕੈਡਮੀ ਅਵਾਰਡੀ ਕਹੋ, ਮੈਂ ਦਰਅਸਲ ਇੱਕ ਨਿੱਕੇ ਜਿਹੇ ਪਿੰਡ ਦੇ ਨਿੱਕੇ ਜਿਹੇ ਕਿਸਾਨ ਦਾ ਪੁੱਤ ਅੱਖਰਾਂ ਦੀ ਅਰਾਧਨਾ ਕਰਦਾ ਕਰਦਾ ਇੱਥੋਂ ਤੱਕ ਪਹੁੰਚਿਆ ਹਾਂ। ਅਸਲ ਵਿਚ ਇਹ ਕਲਮ ਦੀ ਨੋਕ ਦੀ ਤਾਕਤ ਹੀ ਹੈ ਕਿ ਕਵਿਤਾ ਦੇ ਬਹਾਨੇ ਅਸੀਂ ਸਾਰੀ ਦੁਨੀਆ ਵਿਚ ਘੁੰਮ ਰਹੇ ਹਾਂ। ਇਸ ਕਲਮ ਦੇ ਬਹਾਨੇ ਅਸੀਂ ਉੱਥੇ ਪਹੁੰਚ ਗਏ ਹਾਂ ਜਿਸ ਬਾਰੇ ਕਦੇ ਸੋਚ ਵੀ ਨਹੀਂ ਸੀ ਸਕਦੇ। ਦਰਸ਼ਨ ਬੁੱਟਰ ਨੇ ਇਸ ਮੌਕੇ ਆਪਣੀਆਂ ਬਹੁਤ ਹੀ ਭਾਵਪੂਰਤ ਅਤੇ ਦਾਰਸ਼ਨਿਕ ਬੋਧ ਦੀਆਂ ਕਾਵਿ ਰਚਨਾਵਾਂ ਸੁਣਾ ਕੇ ਗ਼ਜ਼ਲ ਮੰਚ ਦੇ ਸ਼ਾਇਰਾਂ ਨੂੰ ਬਹੁਤ ਪ੍ਰਭਾਵਿਤ ਕੀਤਾ ਅਤੇ ਉਨ੍ਹਾਂ ਦੀ ਕਾਵਿਕ ਗਹਿਰਾਈ ਸਭ ਨੂੰ ਆਨੰਦਿਤ ਕੀਤਾ। ਗ਼ਜ਼ਲ ਮੰਚ ਵੱਲੋਂ ਪਲੈਕ ਅਤੇ ਸ਼ਾਲ ਨਾਲ ਉਨ੍ਹਾਂ ਦਾ ਸਨਮਾਨ ਕੀਤਾ ਗਿਆ। ਸਨਮਾਨ ਦੀ ਰਸਮ ਮੰਚ ਦੇ ਆਗੂ ਜਸਵਿੰਦਰ, ਕ੍ਰਿਸ਼ਨ ਭਨੋਟ, ਰਾਜਵੰਤ ਰਾਜ, ਦਵਿੰਦਰ ਗੌਤਮ, ਦਸ਼ਮੇਸ਼ ਗਿੱਲ ਫ਼ਿਰੋਜ਼, ਹਰਦਮ ਸਿੰਘ ਮਾਨ ਅਤੇ ਪ੍ਰੀਤ ਮਨਪ੍ਰੀਤ ਨੇ ਅਦਾ ਕੀਤੀ।

# ਆਸਟਰੇਲੀਆ 'ਚ ਕਾਰ ਨੇ ਪੱਬ 'ਚ ਟੱਕਰ ਮਾਰੀ-5 ਭਾਰਤੀਆਂ ਦੀ ਮੌਤ ਤੇ ਕਈ ਜ਼ਖ਼ਮੀ

ਮੈਲਬਰਨ-ਆਸਟਰੇਲਿਆਈ ਸੂਬੇ ਵਿਕਟੋਰੀਆ ਵਿੱਚ ਬਜ਼ੁਰਗ ਵਿਅਕਤੀ ਵੱਲੋਂ ਕਾਰ ਪੱਬ ਦੇ ਬੀਅਰ ਗਾਰਡਨ ਵਿੱਚ ਜਾ ਵੜਨ ਕਾਰਨ 9 ਅਤੇ 11 ਸਾਲ ਦੇ ਦੋ ਬੱਚਿਆਂ ਸਮੇਤ ਪੰਜ ਭਾਰਤੀਆਂ ਦੀ ਮੌਤ ਹੋ ਗਈ ਅਤੇ ਕਈ ਹੋਰ ਜ਼ਖ਼ਮੀ ਹੋ ਗਏ। ਮਰਨ ਵਾਲਿਆਂ ਵਿੱਚ ਵਿਵੇਕ ਭਾਟੀਆ (38), ਉਸ ਦਾ ਪੁੱਤਰ ਵਿਹਾਨ (11), ਪ੍ਰਤਿਭਾ ਸ਼ਰਮਾ (44), ਉਸ ਦੀ ਧੀ ਅਨਵੀ (ਨੌਂ) ਅਤੇ ਸਾਥੀ ਜਤਿਨ ਚੁੱਘ (30) ਸ਼ਾਮਲ ਹਨ। ਭਾਟੀਆ ਦੀ ਪਤਨੀ ਰੁਚੀ (36), ਛੋਟਾ ਬੇਟਾ ਅਬੀਰ (ਛੇ) ਅਤੇ 11 ਮਹੀਨੇ ਦੇ ਬੱਚੇ ਸਮੇਤ ਪੰਜ ਵਿਅਕਤੀ ਜ਼ਖ਼ਮੀ ਹੋ ਗਏ, ਜਿਨ੍ਹਾਂ ਦਾ ਹਸਪਤਾਲ ਵਿੱਚ ਇਲਾਜ ਚੱਲ ਰਿਹਾ ਹੈ। ਪੁਲੀਸ ਮੁਤਾਬਕ ਸਫੈਦ ਬੀਐੱਮਡਬਲਿਊ ਦੇ 66 ਸਾਲਾ ਡਰਾਈਵਰ ਮਾਊਂਟ ਮੈਸੇਡਨ ਨੂੰ ਮਾਮੂਲੀ ਸੱਟਾਂ ਕਾਰਨ ਹਸਪਤਾਲ ਲਜਾਇਆ ਗਿਆ ਹੈ।








# ਰਣਦੀਪ ਹੁੱਡਾ ਆਪਣੇ ਤੋਂ 10 ਸਾਲ ਛੋਟੀ ਗਰਲਫ੍ਰੈਂਡ ਨਾਲ ਕਰੇਗਾ ਵਿਆਹ

ਰਣਦੀਪ ਹੁੱਡਾ ਦੇ ਵਿਆਹ ਨੂੰ ਲੈ ਕੇ ਸੋਸ਼ਲ ਮੀਡੀਆ 'ਤੇ ਕਾਫੀ ਚਰਚਾ ਹੋ ਰਹੀ ਹੈ। ਖਬਰਾਂ ਮੁਤਾਬਕ ਰਣਦੀਪ ਇਕ ਪ੍ਰਾਈਵੇਟ ਵਿਆਹ ਕਰਨ ਜਾ ਰਹੇ ਹਨ। ਇਸ ਵਿਆਹ 'ਚ ਪਰਿਵਾਰਕ ਮੈਂਬਰ ਅਤੇ ਕਰੀਬੀ ਦੋਸਤ ਸ਼ਾਮਲ ਹੋਣਗੇ। 47 ਸਾਲਾ ਰਣਦੀਪ ਆਪਣੇ ਤੋਂ 10 ਸਾਲ ਛੋਟੀ ਲਿਨ ਨਾਲ ਵਿਆਹ ਕਰ ਰਿਹਾ ਹੈ। ਉਨ੍ਹਾਂ ਨੇ ਕਦੇ ਵੀ ਮੀਡੀਆ ਦੇ ਸਾਹਮਣੇ ਆਪਣੇ ਰਿਸ਼ਤੇ ਬਾਰੇ ਖੁੱਲ੍ਹ ਕੇ ਗੱਲ ਨਹੀਂ ਕੀਤੀ। ਇੰਸਟਾਗ੍ਰਾਮ 'ਤੇ ਉਨ੍ਹਾਂ ਦੀ ਸਿਰਫ ਇਕ ਕਰੀਬੀ ਫੋਟੋ ਪੋਸਟ ਹੈ, ਜਿਸ ਤੋਂ ਬਾਅਦ ਉਨ੍ਹਾਂ ਦਾ ਰਿਸ਼ਤਾ ਲਾਈਮਲਾਈਟ ਵਿਚ ਆਇਆ ਸੀ। ਰਣਦੀਪ ਦੀ ਪ੍ਰੇਮਿਕਾ ਲਿਨ ਲੈਸ਼ਰਾਮ ਦੀ ਗੱਲ ਕਰੀਏ ਤਾਂ ਉਹ ਮਨੀਪੁਰ ਦੀ ਰਹਿਣ ਵਾਲੀ ਇੱਕ ਮਾਡਲ ਅਤੇ ਅਦਾਕਾਰਾ ਹੈ। ਉਹ 'ਮੈਰੀਕਾਮ', 'ਰੰਗੂਨ', 'ਉਮਰਿਕਾ' ਵਰਗੀਆਂ ਫਿਲਮਾਂ 'ਚ ਕੰਮ ਕਰ ਚੁੱਕੀ ਹੈ। ਇਨਾ ਹੀ ਨਹੀਂ ਲਿਨ ਨੇ ਸ਼ਾਹਰੁਖ ਖਾਨ ਨਾਲ ਵੀ ਕੰਮ ਕੀਤਾ ਹੈ। ਉਨ੍ਹਾਂ ਨੇ 'ਓਮ ਸ਼ਾਂਤੀ ਓਮ' 'ਚ ਕੈਮਿਓ ਰੋਲ ਕੀਤਾ ਸੀ। ਲਿਨ ਮਿਸ ਨਾਰਥ ਈਸਟ ਬਿਊਟੀ ਪੇਜੈਂਟ ਦੀ ਪਹਿਲੀ ਰਨਰ ਅੱਪ ਸੀ।



# ਜੰਗ ਦੇ ਖ਼ਾਤਮੇ ਮਗਰੋਂ ਗਾਜ਼ਾ ਪੱਟੀ ਵਿਚ 'ਸੁਰੱਖਿਆ ਜ਼ਿੰਮੇਵਾਰੀ' ਲਵਾਂਗੇ-ਨੇਤਨਯਾਹੂ

## ਇਜ਼ਰਾਇਲੀ ਪ੍ਰਧਾਨ ਮੰਤਰੀ ਨੇ 'ਮੁਕੰਮਲ ਜੰਗਬੰਦੀ' ਤੋਂ ਕੀਤਾ ਇਨਕਾਰ



ਖਾਨ ਯੂਨਿਸ (ਗਾਜ਼ਾ ਪੱਟੀ)-ਪ੍ਰਧਾਨ ਮੰਤਰੀ ਨੇਤਨਯਾਹੂ ਨੇ ਕਿਹਾ ਕਿ ਇਜ਼ਰਾਈਲ ਹਮਾਸ ਨਾਲ ਜਾਰੀ ਜੰਗ ਮੁੱਕਣ ਮਗਰੋਂ ਗਾਜ਼ਾ ਵਿੱਚ ਅਣਮਿੱਥੇ ਤੌਰ 'ਤੇ 'ਮੁਕੰਮਲ ਸੁਰੱਖਿਆ ਜ਼ਿੰਮੇਵਾਰੀ' ਲੈਣ ਲਈ ਤਿਆਰ ਹੈ। ਏਬੀਸੀ ਨਿਊਜ਼ ਨੂੰ ਦਿੱਤੀ ਇੰਟਰਵਿਊ, ਜੋ ਸੋਮਵਾਰ ਰਾਤ ਨੂੰ ਪ੍ਰਸਾਰਤਿ ਕੀਤੀ ਗਈ, ਵਿੱਚ ਨੇਤਨਯਾਹੂ ਨੇ ਕਿਹਾ ਕਿ ਉਹ ਵਿਚ ਵਿਚਾਲੇ ਜੰਗ ਨੂੰ 'ਛੋਟੇ ਛੋਟੇ ਵਿਰਾਮ' ਦੇਣ ਲਈ ਵੀ ਤਿਆਰ ਹਨ ਤਾਂ ਕਿ ਗਾਜ਼ਾ ਵਿੱਚ ਰਸਦ ਤੇ ਹੋਰ ਜ਼ਰੂਰੀ ਸਪਲਾਈ ਜਾਂ ਹਮਾਸ ਵੱਲੋਂ ਅਗਵਾ ਕੀਤੇ 240 ਤੋਂ ਵੱਧ ਬੰਧਕਾਂ ਦੀ ਰਿਹਾਈ ਯਕੀਨੀ ਬਣਾਈ ਜਾ ਸਕੇ। ਇਜ਼ਰਾਇਲੀ ਪ੍ਰਧਾਨ ਮੰਤਰੀ ਨੇ ਹਾਲਾਂਕਿ ਸਾਰੇ ਬੰਧਕਾਂ ਦੀ ਰਿਹਾਈ ਤੋਂ ਬਗੈਰ ਜੰਗਬੰਦੀ ਦੀ ਕਿਸੇ ਵੀ ਸੰਭਾਵਨਾ ਨੂੰ ਸਿਰੇ ਤੋਂ ਖਾਰਜ ਕਰ ਦਿੱਤਾ। ਇਜ਼ਰਾਇਲੀ ਹਮਲਿਆਂ ਵਿੱਚ ਪੂਰਾ ਗਾਜ਼ਾ ਸ਼ਹਿਰ ਮਲਬੇ ਵਿੱਚ ਤਬਦੀਲ ਹੋ ਚੁੱਕਾ ਹੈ। ਗਾਜ਼ਾ ਦੇ 23 ਲੱਖ ਲੋਕਾਂ ਵਿਚੋਂ 70 ਫੀਸਦ ਆਪਣੇ ਘਰ-ਬਾਰ ਛੱਡ ਚੁੱਕੇ ਹਨ। ਇਨ੍ਹਾਂ ਵਿਚੋਂ ਬਹੁਗਿਣਤੀ ਨੇ ਦੱਖਣੀ ਹਿੱਸੇ ਵੱਲ ਕੂਚ ਕੀਤਾ, ਪਰ ਉਸ ਹਿੱਸੇ ਵਿਚ ਵੀ ਬੰਬਾਰੀ ਜਾਰੀ ਹੈ। ਇਜ਼ਰਾਇਲੀ ਫੌਜ ਦੀ ਘੇਰਾਬੰਦੀ ਕਰਕੇ ਖ਼ੁਰਾਕ, ਦਵਾਈਆਂ, ਈਂਧਣ ਤੇ ਪਾਣੀ ਦੀ ਵੱਡੀ ਕਮੀ ਹੈ। ਸੰਯੁਕਤ ਰਾਸ਼ਟਰ ਵੱਲੋਂ ਸਕੂਲਾਂ ਵਿਚ ਚਲਾਏ ਜਾ ਰਹੇ ਰੈਣ-ਬਸੇਰੇ ਲੋਕਾਂ ਨਾਲ ਨੱਕੋ-ਨੱਕ ਭਰੇ ਹਨ। ਹਮਾਸ ਦੇ ਸਿਹਤ ਮੰਤਰਾਲੇ ਮੁਤਾਬਕ ਇਜ਼ਰਾਇਲੀ ਹਮਲਿਆਂ ਵਿੱਚ ਮਰਨ ਵਾਲੇ ਫਲਸਤੀਨੀਆਂ ਦੀ ਗਿਣਤੀ 10 ਹਜ਼ਾਰ ਨੂੰ ਟੱਪ ਗਈ ਹੈ, ਜਿਨ੍ਹਾਂ ਵਿੱਚ 4100 ਤੋਂ ਵੱਧ ਨਾਬਾਲਗ ਹਨ। 2300 ਤੋਂ ਵੱਧ ਲੋਕ ਲਾਪਤਾ ਹਨ ਤੇ ਮੰਨਿਆ ਜਾਂਦਾ ਹੈ ਕਿ ਉਹ ਖੰਡਰ ਬਣੀਆਂ ਇਮਾਰਤਾਂ ਦੇ ਮਲਬੇ ਹੇਠ ਦਫ਼ਨ ਹਨ। ਉਧਰ ਇਜ਼ਰਾਈਲ ਨੇ ਹਮਾਸ ਦੇ ਹਮਲਿਆਂ ਵਿਚ 1400 ਦੇ ਕਰੀਬ ਲੋਕਾਂ ਦੀ ਮੌਤ ਦਾ ਦਾਅਵਾ ਕੀਤਾ ਹੈ, ਜਿਨ੍ਹਾਂ ਵਿਚ ਬਹੁਗਿਣਤੀ ਆਮ ਨਾਗਰਿਕ ਹਨ। ਇਜ਼ਰਾਇਲੀ ਫੌਜਾਂ ਦਾ ਸਾਰਾ ਧਿਆਨ ਇਸ ਵੇਲੇ ਗਾਜ਼ਾ ਸ਼ਹਿਰ ਸਣੇ ਉੱਤਰੀ ਗਾਜ਼ਾ ਵੱਲ ਹੈ, ਜੋ ਜੰਗ ਤੋਂ ਪਹਿਲਾਂ ਕਰੀਬ ਸਾਢੇ ਛੇ ਲੱਖ ਲੋਕਾਂ ਦਾ ਘਰ ਸੀ। ਇਸ ਦੌਰਾਨ ਇਜ਼ਰਾਈਲ ਨੇ ਨੌਜਵਾਨ ਫਲਸਤੀਨੀ ਕਾਰਕੁਨ ਅਹਿਦ ਤਮੀਮੀ ਨੂੰ ਸੋਮਵਾਰ ਵੱਡੇ ਤੜਕੇ ਗ੍ਰਿਫਤਾਰ ਕਰਨ ਦਾ ਦਾਅਵਾ ਕੀਤਾ ਹੈ। ਤਮੀਮੀ, ਜੋ ਹੁਣ 22 ਸਾਲਾਂ ਦੀ ਹੈ, ਅੱਠ ਮਹੀਨੇ ਜੇਲ੍ਹ ਵਿਚ ਰਹਿਣ ਮੌਕੇ ਇਕ ਸਿਪਾਹੀ ਨੂੰ ਥੱਪੜ ਮਾਰਨ ਕਰ ਕੇ ਸੁਰਖੀਆਂ 'ਚ ਆਈ ਸੀ।

# ਕੀਨੀਆ ਤੇ ਸੋਮਾਲੀਆ 'ਚ ਭਾਰੀ ਮੀਂਹ ਤੇ ਹੜ੍ਹਾਂ ਕਾਰਨ 40 ਮੌਤਾਂ

ਨੈਰੋਬੀ-ਕੀਨੀਆ ਤੇ ਸੋਮਾਲੀਆ 'ਚ ਭਾਰੀ ਮੀਂਹ ਤੇ ਹੜ੍ਹਾਂ ਕਾਰਨ ਘੱਟੋ ਘੱਟ 40 ਵਿਅਕਤੀ ਮਾਰੇ ਗਏ ਅਤੇ ਹਜ਼ਾਰਾਂ ਲੋਕ ਬੇਘਰ ਹੋ ਗਏ ਹਨ। ਰਾਹਤ ਏਜੰਸੀਆਂ ਨੇ ਅੱਜ ਇਹ ਜਾਣਕਾਰੀ ਦਿੱਤੀ। ਸੋਮਾਲੀਆ ਸਰਕਾਰ ਨੇ ਇਸ ਆਫ਼ਤ ਕਾਰਨ ਘੱਟੋ ਘੱਟ 25 ਮੌਤਾਂ ਹੋਣ, ਵੱਡੀ ਗਿਣਤੀ 'ਚ ਮਕਾਨ, ਸੜਕਾਂ ਤੇ ਪੁਲ ਤਬਾਹ ਹੋਣ ਮਗਰੋਂ ਐਮਰਜੈਂਸੀ ਦਾ ਐਲਾਨ ਕੀਤਾ ਹੈ। ਐਮਰਜੈਂਸੀ ਅਤੇ ਬਚਾਅ ਵਰਕਰ ਸੋਮਾਲੀਆ ਦੇ ਜੁਬਾਲੈਂਡ ਸੂਬੇ ਦੇ ਲੂਕ ਜ਼ਿਲ੍ਹੇ 'ਚ ਹੜ੍ਹ ਦੇ ਪਾਣੀ 'ਚ ਫਸੇ ਲਗਪਗ 2400 ਲੋਕਾਂ ਤੱਕ ਪਹੁੰਚਣ ਦੀ ਕੋਸ਼ਿਸ਼ ਕਰ ਰਹੇ ਹਨ। ਮਨੁੱਖੀ ਮਾਮਲਿਆਂ ਸਬੰਧੀ ਤਾਲਮੇਲ ਲਈ ਸੰਯੁਕਤ ਰਾਸ਼ਟਰ ਦਫ਼ਤਰ ਨੇ ਜੁਬਾ ਅਤੇ ਸ਼ਾਬੈਲੇ ਨਦੀਆਂ ਕੰਢੇ ਰਹਿਣ ਵਾਲੇ ਲੋਕਾਂ ਨੂੰ ਹੜ੍ਹ ਦੀ ਚਤਾਵਨੀ ਦਿੱਤੀ ਅਤੇ ਸਾਰਿਆਂ ਨੂੰ ਉਥੋਂ ਨਿਕਲਣ ਲਈ ਆਖਿਆ ਹੈ। ਸੋਮਾਲੀਆ ਆਫ਼ਤ ਪ੍ਰਬੰਧਨ ਏਜੰਸੀ ਦੇ ਮੈਨੇਜਿੰਗ ਡਾਇਰੈਕਟਰ ਹਸਨ ਇੱਸੇ ਨੇ ਦੱਸਿਆ ਕਿ ਏਜੰਸੀ ਸੰਕਟ ਨਾਲ ਨਜਿੱਠਣ ਲਈ ਕੰਮ ਕਰ ਰਹੀ ਹੈ। ਉਨ੍ਹਾਂ ਦੱਸਿਆ ਕਿ ਅਗਲੇ ਕੁਝ ਦਿਨਾਂ 'ਚ ਹੜ੍ਹਾਂ ਦੀ ਸਥਤੀ ਵਿਗੜਨ ਦੀ ਸੰਭਾਵਨਾ ਹੈ।





DIWALI GREETINGS TO ALL
MJM
FURNITURE
Lots of Design
Best Quality
Best Price
Expressing
Your Interior
World
Upto
70% OFF
Finance Available
O.A.C
Quality Furniture for Your Home.
Come visit our showroom. Over 34,000 sq ft
of quality Fine Furniture
THREE LOCATIONS TO SERVE YOU
604-596-9901
13570 - 77th Ave., Surrey, BC
604-522-1388
#2, 1315 United Boulevard, Coquitlam BC
3057 grandview hwy vancouver,
604-454-1191



# ਅਜਿਹਾ ਕੁਝ ਨਹੀਂ ਜੋ ਔਰਤ ਨਹੀਂ ਕਰ ਸਕਦੀ-ਕੈਟਰੀਨਾ

ਮੁੰਬਈ-ਫਿਲਮ ਅਦਾਕਾਰਾ ਕੈਟਰੀਨਾ ਕੈਫ ਜਲਦੀ ਹੀ ਐਕਸ਼ਨ ਫਿਲਮ 'ਟਾਈਗਰ 3' ਵਿੱਚ ਨਜ਼ਰ ਆਵੇਗੀ। ਇਸ ਫਿਲਮ ਵਿਚ ਕੈਟਰੀਨਾ ਜਾਸੂਸ ਜ਼ੋਇਆ ਦਾ ਕਿਰਦਾਰ ਨਿਭਾ ਰਹੀ ਹੈ। ਕੈਟਰੀਨਾ ਨੇ ਇਸ ਕਿਰਦਾਰ ਲਈ ਆਪਣੇ ਆਪ ਨੂੰ ਢਾਲਣ ਲਈ ਦੋ ਮਹੀਨੇ ਦੀ ਸਖਤ ਮਿਹਨਤ ਕੀਤੀ। ਇਸ ਫਿਲਮ ਵਿਚ ਕੈਟਰੀਨਾ ਦਾ ਕਿਰਦਾਰ ਸਲਮਾਨ ਖਾਨ ਨਾਲੋਂ ਘੱਟ ਨਹੀਂ ਹੈ ਤੇ ਉਹ ਇਸ ਫਿਲਮ ਵਿਚ ਕਈ ਸਟੰਟ ਕਰਦੀ ਨਜ਼ਰ ਆਵੇਗੀ। ਕੈਟਰੀਨਾ ਨੇ ਕਿਹਾ, 'ਟਾਈਗਰ 3 ਰਾਹੀਂ ਪਤਾ ਲੱਗਦਾ ਹੈ ਕਿ ਅਜਿਹਾ ਕੁਝ ਵੀ ਨਹੀਂ ਹੈ ਜੋ ਇੱਕ ਔਰਤ ਨਹੀਂ ਕਰ ਸਕਦੀ। ਜਦੋਂ ਉਸ ਦੇ ਆਪਣੇ ਪਰਿਵਾਰ, ਦੇਸ਼ ਜਾਂ ਮਨੁੱਖਤਾ ਨੂੰ ਬਚਾਉਣ ਦੀ ਗੱਲ ਆਉਂਦੀ ਹੈ ਤਾਂ ਉਹ ਹਰ ਔਖਾ ਕੰਮ ਕਰਨ ਨੂੰ ਤਿਆਰ ਹੋ ਜਾਂਦੀ ਹੈ। ਜ਼ੋਇਆ ਦੇ ਕਿਰਦਾਰ ਰਾਹੀਂ ਲੋਕਾਂ ਨੂੰ ਇਹ ਦੱਸਣਾ ਜ਼ਰੂਰੀ ਹੈ ਕਿ ਕੁੜੀਆਂ ਪਾਲਣ-ਪੋਸ਼ਣ ਕਰਨ ਵਾਲੀਆਂ ਦੇ ਨਾਲ-ਨਾਲ ਕਾਮਯਾਬ ਰੱਖਿਅਕ ਵੀ ਹੋ ਸਕਦੀਆਂ ਹਨ। ਕੈਟਰੀਨਾ ਨੇ ਖੁਲਾਸਾ ਕੀਤਾ ਕਿ 'ਟਾਈਗਰ 3' ਦੇ ਚੁਣੌਤੀਪੂਰਨ ਐਕਸ਼ਨ ਸੀਨ ਲਈ ਉਸ ਨੇ ਸਰੀਰਕ ਪੱਖੋਂ ਸਖ਼ਤ ਮਿਹਨਤ ਕੀਤੀ। ਜ਼ੋਇਆ ਵਾਈਆਰਐੱਫ ਸਪਾਈ ਯੂਨੀਵਰਸ ਦੀ ਪਹਿਲੀ ਮਹਿਲਾ ਜਾਸੂਸ ਹੈ ਅਤੇ ਮੈਨੂੰ ਉਸ ਵਰਗਾ ਕਿਰਦਾਰ ਮਿਲਣ 'ਤੇ ਬਹੁਤ ਮਾਣ ਹੈ। ਜ਼ੋਇਆ ਦਾ ਕਿਰਦਾਰ ਨਿਭਾਉਣਾ ਇੱਕ ਸ਼ਾਨਦਾਰ ਸਫ਼ਰ ਰਿਹਾ ਹੈ। ਐਕਸ਼ਨ ਕਰਨਾ ਹਮੇਸ਼ਾ ਹੀ ਰੁਮਾਂਚਕ ਹੁੰਦਾ ਹੈ ਅਤੇ ਮੈਂ ਹਮੇਸ਼ਾ ਤੋਂ ਐਕਸ਼ਨ ਸ਼ੈਲੀ ਦੀ ਪ੍ਰਸ਼ੰਸਕ ਰਹੀ ਹਾਂ।' ਫ਼ਿਲਮ 'ਟਾਈਗਰ 3' ਆਦਿੱਤਿਆ ਚੋਪੜਾ ਵੱਲੋਂ ਬਣਾਈ ਗਈ ਹੈ। ਮਨੀਸ਼ ਸ਼ਰਮਾ ਇਸ ਦੇ ਨਿਰਦੇਸ਼ਕ ਹਨ। ਇਹ ਫਿਲਮ ਦੀਵਾਲੀ ਮੌਕੇ ਰਿਲੀਜ਼ ਹੋਵੇਗੀ।

# ਆਪਣੇ ਪਿੱਛੇ ਚੰਗੇ ਕੰਮ ਦੀ ਵਿਰਾਸਤ ਛੱਡ ਕੇ ਜਾਣਾ ਚਾਹੁੰਦੀ ਹਾਂ-ਸੁਸ਼ਮਤਾ ਸੇਨ



ਮੁੰਬਈ-ਅਦਾਕਾਰਾ ਸੁਸ਼ਮਤਾ ਸੇਨ ਦਾ ਕਹਿਣਾ ਹੈ ਕਿ ਇੱਕ ਸਮੇਂ ਬਾਕਸ ਆਫ਼ਿਸ ਦੀ ਸਫ਼ਲਤਾ ਉਸ ਲਈ ਸਫ਼ਲ ਹੋਣ ਦਾ ਪੈਮਾਨਾ ਹੁੰਦੀ ਸੀ ਪਰ ਹੁਣ ਉਹ ਚੰਗੇ ਕੰਮ ਨੂੰ ਵਧੇਰੇ ਤਰਜੀਹ ਦਿੰਦੀ ਹੈ। 'ਬੀਬੀ ਨੰਬਰ-1', 'ਫ਼ਿਲਹਾਲ', 'ਆਂਖੇਂ' ਅਤੇ 'ਮੈਂ ਹੂੰ ਨਾ' ਜਿਹੀਆਂ ਫ਼ਿਲਮਾਂ ਰਾਹੀਂ ਪ੍ਰਸਿੱਧੀ ਹਾਸਲ ਕਰਨ ਵਾਲੀ ਸੇਨ ਪੰਜ ਸਾਲ ਫਿਲਮੀ ਦੁਨੀਆਂ ਤੋਂ ਦੂਰ ਰਹੀ। ਉਸ ਨੇ 2020 ਵਿੱਚ 'ਡਜ਼ਨੀ ਪਲੱਸ ਹੌਟਸਟਾਰ' ਓਟੀਟੀ ਪਲੈਟਫਾਰਮ 'ਤੇ ਰਿਲੀਜ਼ ਹੋਈ ਲੜੀ 'ਆਰਿਆ' ਨਾਲ ਅਦਾਕਾਰੀ ਦੇ ਖੇਤਰ ਵਿੱਚ ਵਾਪਸੀ ਕੀਤੀ ਹੈ। ਉਸ ਨੇ ਕਿਹਾ ਕਿ ਜਦੋਂ ਉਸ ਨੇ ਫ਼ਿਲਮ ਜਗਤ ਵਿੱਚ ਸ਼ੁਰੂਆਤ ਕੀਤੀ ਸੀ ਤਾਂ ਉਸ ਦਾ ਮਕਸਦ ਇਹ ਸੀ ਕਿ ਉਸ ਦੀਆਂ ਫ਼ਿਲਮਾਂ ਸਫ਼ਲ ਹੋਣ ਅਤੇ ਉਹ ਸੋਚਦੀ ਹੁੰਦੀ ਸੀ ਕਿ ਸਫ਼ਲ ਹੋਣ ਲਈ ਫ਼ਿਲਮ ਨੂੰ ਕਿੰਨੇ ਕਰੋੜ ਰੁਪਏ ਦਾ ਕਾਰੋਬਾਰ ਕਰਨਾ ਹੋਵੇਗਾ। ਸੁਸ਼ਮਤਾ ਨੇ ਕਿਹਾ, "ਹੁਣ ਮੈਂ ਆਪਣੇ ਪਿੱਛੇ ਚੰਗੇ ਕੰਮ ਦੀ ਵਿਰਾਸਤ ਛੱਡ ਕੇ ਜਾਣਾ ਚਾਹੁੰਦੀ ਹਾਂ, ਜਿਸ ਨੂੰ ਤੁਸੀਂ ਅਤੇ ਹੋਰ ਲੋਕ ਜਦੋਂ ਪਿੱਛੇ ਮੁੜ ਕੇ ਦੇਖੋ ਤਾਂ ਕਹੋ ਕਿ ਉਹ ਚੰਗੀ ਅਦਾਕਾਰਾ ਸੀ।" ਸੇਨ ਦੀ ਲੜੀ 'ਆਰਿਆ' ਦਾ ਤੀਜਾ ਸੀਜ਼ਨ ਸ਼ੁੱਕਰਵਾਰ ਨੂੰ 'ਡਜ਼ਨੀ ਪਲੱਸ ਹੌਟਸਟਾਰ' 'ਤੇ ਰਿਲੀਜ਼ ਹੋਇਆ ਹੈ। ਰਾਮ ਮਾਧਵਾਨੀ ਅਤੇ ਸੰਦੀਪ ਮੋਦੀ ਵੱਲੋਂ ਬਣਾਇਆ 'ਆਰਿਆ' ਡੱਚ ਲੜੀ 'ਪੇਨੋਜ਼ਾ' ਦਾ ਰੀਮੇਕ ਹੈ। ਇਸ ਦੀ ਕਹਾਣੀ ਇੱਕ ਔਰਤ ਦੇ ਸੰਘਰਸ਼ ਦੀ ਕਹਾਣੀ ਹੈ ਜੋ ਕਿ ਆਪਣੇ ਪਰਿਵਾਰ ਨੂੰ ਬਚਾਉਣ ਲਈ ਸੰਘਰਸ਼ ਕਰਦੀ ਹੈ।

# ਵਿੱਕੀ ਕੌਸ਼ਲ ਦੀ ਫ਼ਿਲਮ 'ਸੈਮ ਬਹਾਦੁਰ' ਦਾ ਨਵਾਂ ਪੋਸਟਰ ਰਿਲੀਜ਼




ਮੁੰਬਈ-ਅਦਾਕਾਰ ਵਿੱਕੀ ਕੌਸ਼ਲ ਨੇ 'ਸੈਮ ਬਹਾਦੁਰ' ਦਾ ਨਵਾਂ ਪੋਸਟਰ ਸਾਂਝਾ ਕੀਤਾ ਹੈ। ਇਸ ਫ਼ਿਲਮ ਵਿੱਚ ਉਹ ਭਾਰਤ ਦੇ ਪਹਿਲੇ ਫੀਲਡ ਮਾਰਸ਼ਲ ਸੈਮ ਮਾਨਿਕਸ਼ਾਅ ਦੀ ਭੂਮਿਕਾ ਨਿਭਾਅ ਰਿਹਾ ਹੈ। ਵਿੱਕੀ ਨੇ ਇਸ ਸਬੰਧੀ ਇੰਸਟਾਗ੍ਰਾਮ 'ਤੇ ਪੋਸਟ ਵੀ ਪਾਈ ਹੈ, ਜਿਸ ਵਿੱਚ ਉਸ ਨੇ ਲਿਖਿਆ ਹੈ, 'ਇਹ ਕਹਾਣੀ ਉਸ ਸਖ਼ਸ਼ ਦੀ ਹੈ ਜਿਸ ਨੇ ਆਪਣਾ ਸਾਰਾ ਜੀਵਨ ਭਾਰਤੀ ਫੌਜ ਅਤੇ ਦੇਸ਼ ਨੂੰ ਸਮਰਪਿਤ ਕਰ ਦਿੱਤਾ।" ਇਸ ਫਿਲਮ ਦਾ ਟਰੇਲਰ ਭਲਕੇ ਰਿਲੀਜ਼ ਹੋਵੇਗਾ। ਪੋਸਟਰ ਵਿੱਚ ਵਿੱਕੀ ਫੀਲਡ ਮਾਰਸ਼ਲ ਸੈਮ ਮਾਨਿਕਸ਼ਾਅ ਦੇ ਰੂਪ ਵਿੱਚ ਫੌਜੀਆਂ ਦਾ ਨਿਰੀਖਣ ਕਰ ਰਿਹਾ ਹੈ। ਫ਼ਿਲਮ ਸੈਮ ਬਹਾਦੁਰ ਪਹਿਲੀ ਦਸੰਬਰ ਨੂੰ ਰਿਲੀਜ਼ ਹੋਵੇਗੀ। ਮੇਘਨਾ ਗੁਲਜ਼ਾਰ ਵੱਲੋਂ ਬਣਾਈ ਗਈ ਇਸ ਫ਼ਿਲਮ ਵਿੱਚ ਸਾਨੀਆ ਮਲਹੋਤਰਾ ਅਤੇ ਫ਼ਾਤਿਮਾ ਸਨਾ ਸ਼ੇਖ ਮੁੱਖ ਭੂਮਿਕਾਵਾਂ ਵਿੱਚ ਹਨ।

# 'ਟਾਈਗਰ 3' ਵਿਚ ਨਜ਼ਰ ਆਵੇਗਾ ਰਤਿਕ ਰੋਸ਼ਨ



ਮੁੰਬਈ-ਸੁਪਰਸਟਾਰ ਸਲਮਾਨ ਖਾਨ ਆਪਣੀ ਅਗਲੀ ਐਕਸ਼ਨ ਭਰਪੂਰ ਫ਼ਿਲਮ 'ਟਾਈਗਰ 3' ਨਾਲ ਪਰਦੇ 'ਤੇ ਧੂਮ ਮਚਾਉਣ ਲਈ ਤਿਆਰ ਹੈ। ਯਸ਼ ਰਾਜ ਫ਼ਿਲਮਜ਼ ਦੇ ਬੈਨਰ ਹੇਠ ਬਣ ਰਹੀ ਇਸ ਫਿਲਮ ਵਿੱਚ ਕੈਟਰੀਨਾ ਕੈਫ ਤੇ ਇਮਰਾਨ ਹਾਸ਼ਮੀ ਵੀ ਮੁੱਖ ਭੂਮਿਕਾਵਾਂ ਵਿੱਚ ਹਨ। ਸਲਮਾਨ ਖ਼ਾਨ ਵੱਲੋਂ ਫ਼ਿਲਮ 'ਪਠਾਨ' ਵਿੱਚ ਭੂਮਿਕਾ ਨਿਭਾਉਣ ਤੋਂ ਬਾਅਦ ਅਜਿਹੀਆਂ ਰਿਪੋਰਟ ਹਨ ਕਿ ਸੁਪਰਸਟਾਰ ਸ਼ਾਹਰੁਖ ਖਾਨ ਹੁਣ 'ਟਾਈਗਰ 3' ਹਾਜ਼ਰੀ ਲਗਵਾਉਣਗੇ। ਜੇਕਰ ਸੂਤਰਾਂ ਦੀ ਮੰਨੀਏ ਤਾਂ ਰਤਿਕ ਰੋਸ਼ਨ ਵੀ 'ਟਾਈਗਰ 3' ਵਿਚ ਨਜ਼ਰ ਆਵੇਗਾ। ਉਸ ਨੇ 'ਵਾਰ' ਫਿਲਮ ਵਿੱਚ ਕਬੀਰ ਦੀ ਭੂਮਿਕਾ ਨਿਭਾਈ ਸੀ। ਫਿਲਮ ਜਗਤ ਨਾਲ ਜੁੜੇ ਇੱਕ ਸੂਤਰ ਨੇ ਦੱਸਿਆ, "ਆਦਿੱਤਿਆ ਚੋਪੜਾ ਵਾਈਆਰਐੱਫ ਸਪਾਈ ਯੂਨੀਵਰਸ ਦੇ ਸੁਪਰ ਜਾਸੂਸਾਂ ਨੂੰ ਇੱਕ ਮੰਚ 'ਤੇ ਲਿਆਂਦਾ ਹੈ। ਇਸ ਬਾਰੇ ਕੋਈ ਨਹੀਂ ਜਾਣਦਾ ਕਿ ਪਠਾਨ ਦੇ ਨਾਲ ਕਬੀਰ ਵੀ 'ਟਾਈਗਰ 3' ਵਿੱਚ ਨਜ਼ਰ ਆਵੇਗਾ। ਹਾਲਾਂਕਿ, ਇਸ ਦਾ ਖੁਲਾਸਾ ਉਦੋਂ ਹੋਵੇਗਾ ਜਦੋਂ 13 ਨਵੰਬਰ ਨੂੰ ਇਹ ਫ਼ਿਲਮ ਸਿਨੇਮਾ ਘਰਾਂ ਵਿੱਚ ਰਿਲੀਜ਼ ਹੋਵੇਗੀ।" ਆਦਿੱਤਿਆ ਚੋਪੜਾ ਵਾਈਆਰਐੱਫ ਯੂਨੀਵਰਸ ਦੇ ਤਿੰਨੋਂ ਜਾਸੂਸਾਂ ਨੂੰ ਲੈ ਕੇ 'ਟਾਈਗਰ 3' ਬਣਾ ਰਿਹਾ ਹੈ। ਇਸ ਵਿੱਚ ਸਲਮਾਨ ਖਾਨ ਤੇ ਕੈਟਰੀਨਾ ਮੁੱਖ ਭੂਮਿਕਾ ਵਿੱਚ ਹਨ। ਇਹ ਫ਼ਿਲਮ ਵੱਡੇ ਪਰਦੇ 'ਤੇ 12 ਨਵੰਬਰ ਨੂੰ ਹਿੰਦੀ, ਤਾਮਿਲ ਅਤੇ ਤੇਲਗੂ ਭਾਸ਼ਾਵਾਂ ਵਿੱਚ ਰਿਲੀਜ਼ ਹੋਵੇਗੀ।

ਸ਼ੋਰ ਸਾਈਡ ਫਿਸ਼ ਕੈਨਰੀ
ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਕੰਮ ਲਈ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।

ਸਟੂਡੈਂਟ ਵੀ ਅਪਲਾਈ ਕਰ ਸਕਦੇ ਹਨ।
STUDENTS CAN ALSO APPLY

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।

ਸਾਨੂੰ ਵੈਨ ਚਲਾਉਣ ਲਈ ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।

PHONE: 604-244-1118
FAX: 604-270-3075

ਫੋਰਕਲਿਫਟ ਡਰਾਈਵਰਾਂ ਦੀ ਲੋੜ ਹੈ।
FORKLIFT DRIVERS NEEDED


TRANSource
FREIGHTWAYS
ਕੰਮ ਲਈ Drivers and
Owner Operators ਚਾਹੀਦੇ ਹਨ।
ਬੀ ਸੀ ਤੋਂ ਅਲਬਰਟਾ ਅਤੇ
ਅਲਬਰਟਾ ਤੋਂ ਬੀ ਸੀ
ਟਰਾਂਸ ਸੋਰਸ ਨਾਲ ਸਾਰਾ ਦਿਨ ਕੰਮ
ਕਰਕੇ ਤੁਸੀਂ ਸ਼ਾਮ ਨੂੰ ਆਪਣੇ ਪਰਿਵਾਰ
ਅਤੇ ਬਚਿਆਂ ਨਾਲ ਕੀਮਤੀ
ਸਮਾਂ ਬਿਤਾ ਸਕਦੇ ਹੋ।
BC - ALBERTA
ALBERTA - BC
TRANSource FREIGHTWAYS
353
Fuel and Insurance Paid
by Company
NO DEDUCTIONS!!
ਸਾਡੀ ਕੰਪਨੀ
ਓਨਰ ਓਪਰੇਟਰਾਂ ਨੂੰ
ਲੋਕਲ ਅਤੇ ਹਾਈਵੇਅ ਰੂਟਾਂ
ਵਾਸਤੇ ਹਾਇਰ ਕਰ ਰਹੀ ਹੈ
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
SUKHBIR SINGH:604-525-0527 Ext 112
ਸੋਮਵਾਰ ਤੋਂ ਸ਼ੁੱਕਰਵਾਰ ਸਵੇਰ 9 ਵਜੇ ਤੋਂ ਸ਼ਾਮ 5 ਵਜੇ ਤੱਕ
ਸ਼ਨੀਵਾਰ: 604-808-9805
Email:safety@transourcefreightways.com


Biggest Tent Sale In Town!
Our Retail Prices Are Lower Than Those of Cash & Carry Wholesale Prices
fruiticana hee jaana!
HAPPY DIWALI
Canada's largest Diwas selections and displays ALL AT VERY LOW PRICES!
LOWEST PRICES IN TOWN
UNBEATABLE EXTRA SUPER SPECIAL
Mustard Oil 1L (Indican)
ਇੰਡੀਕੇਨ ਸਰ੍ਹੋਂ ਦਾ ਤੇਲ
$3.99 bottle
EXTRA SUPER SUPER SPECIAL
Yellow Onions 50 lbs
Red Onions 25 lbs
ਪੀਲੇ ਗੰਢੇ ਲਾਲ ਗੰਢੇ
YELLOW ONIONS
RED ONIONS
$12.99 bag
Gala Apples BC
ਗਾਲਾ ਸੇਬ ਬੀਸੀ
79¢ lb
SUPER SUPER SPECIAL
Long English Cucumbers
ਲੰਬੇ ਇੰਗਲਿਸ਼ ਖੀਰੇ
2 for $1.50
SUPER SPECIAL
Cilantro
ਧਣੀਆ
2 bunches for 99¢
Red Lentil Split
ਧੋਤੀ ਮਸਰਾਂ ਦੀ ਦਾਲ
88¢ lb
SUPER SPECIAL
Masala Gur 2 lbs Shell
ਮਸਾਲਾ ਗੁੜ
$2.99 pkg.
SUPER SPECIAL
Red Delicious Apples USA #1
ਲਾਲ ਸਵਾਦ ਸੇਬ ਯੂ.ਐਸ. #1
88¢ lb
Russet Potatoes Snoboy 10 lbs
ਆਲੂ ਰਸਟ ਸਨੋਬੁਆਏ
$3.98 bag
Chickpeas
ਚਿੱਟੇ ਛੋਲੇ
99¢ lb
SUPER SPECIAL
Indican Tea 216's
ਇੰਡੀਕਨ ਚਾਹ
$4.99 box
SUPER SPECIAL
Spinach
ਪਾਲਕ
$1.29 bunch
Zucchini Squash
ਜ਼ੁਕੀਨੀ ਸਕੁਐਸ਼
78¢ lb
Sher or Heer Chana Flour (Besan) 4lbs
ਸ਼ੇਰ ਅਤੇ ਹੀਰ ਚਨਾ ਆਟਾ
$3.98 bag
Red, Yellow & Orange Peppers BC
ਸ਼ਿਮਲਾ ਮਿਰਚਾਂ
(ਲਾਲ,ਪੀਲੀਆਂ ਅਤੇ ਸੰਤਰੀ) ਬੀਸੀ
99¢ lb
Red Lentil Whole
ਮਸਰਾ ਦੀ ਸਾਬਤ ਦਾਲ
78¢ lb
Red Lentil Whole, Red Lentil Split & Black Chana 4 lbs (Indican)
ਧੋਤੀ ਮਸਰਾਂ ਦੀ ਦਾਲ
ਮਸਰਾ ਦੀ ਸਾਬਤ ਦਾਲ, ਕਾਲੇ ਛੋਲੇ
( ਇੰਡੀਕੈਂਨ )
$3.98 bag
Rapini (Sarson da Saag)
ਸਰਸੋਂ ਦਾ ਸਾਗ
$2.88 bunch
Daikon (Moli)
ਮੂਲੀ
99¢ lb
Almond Oil 1 L (Indican)
ਇੰਡੀਕੈਂਨ ਬਦਾਮ ਦਾ ਤੇਲ
$12.99 bottle
Thur Nov 09, 2023 - Wed Nov 15, 2023
We reserve the right to limit the quantities while they last
Specials valid for Lower Mainland only
Product images may differ from the actual product.
22 LOCATIONS TO SERVE YOU IN BC & ALBERTA
Head Office: 7676 Anvil Way, Surrey
604-502-0005
fruiticana SINCE 1994
BUSINESS HOURS 9 AM - 8 PM 7 DAYS A WEEK
Newton 13783 72nd Ave. Surrey 604-590-2080
Newton 13174 64th Ave. Surrey 604-598-9220
Scott Road 12047 80th Ave. Surrey 604-591-5032
Scott Road 104-7028 120th St. 604-590-8864
Cedar Hills 12867 96th Ave. Surrey 604-588-6620
Fleetwood 101-15933 Fraser Hwy 604-593-5163
Fleetwood 15230 84 Ave. 236-317-6272
Surrey 12990 72nd Ave. 604-503-5510
Surrey 12788 76A Ave. Surrey 604-597-1676
Surrey 16788 64 Ave. 604-372-2023
Surrey 101-7228 192St. 604-575-3750
New Westminster 101-331 6th St. 604-395-3595
Abbotsford 2785 Bourquin Crescent W. 604-744-0328
Abbotsford 31205 Maclure Rd. 604-504-5877
Port Coquitlam 2807 Shaughnessy St. 604-464-0822
Vancouver 6257 Fraser St. 604-321-9931
Richmond 4101 No.5 Rd. 604-244-9520